ਇਸ ਮੌਕੇ ਸੋਨੀਆ ਸਿੱਧੂ "ਸੀਨੀਅਰਾਂ ਲਈ ਨਵੇਂ ਦਿਸਹਿੱਦੇ" ਪ੍ਰੋਗਰਾਮ ਬਾਰੇ ਬੇਬਾਕੀ ਨਾਲ ਬੋਲੇ ਜਿਹੜਾ ਕਿ ਸੀਨੀਅਰਾਂ ਦੇ ਵਿੱਤੀ ਸੋਸ਼ਣ ਵਿਰੁੱਧ ਲੜਨ ਬਾਰੇ ਗੱਲ ਕਰਦਾ ਹੈ। ਇਹ ਪ੍ਰੋਗਰਾਮ ਉਨ੍ਹਾਂ ਪ੍ਰਾਜੈੱਕਟਾਂ ਨੂੰ ਉਤਸ਼ਾਹਿਤ ਕਰਦਾ ਹੈ ਜਿਹੜੇ ਕੈਨੇਡਾ ਦੇ ਸੀਨੀਅਰਾਂ ਦੀ ਜੀਵਨ-ਸ਼ੈਲੀ ਵਿਚ ਸੁਧਾਰ ਕਰਨ ਵਿਚ ਸਹਾਈ ਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਕਮਿਊਨਿਟੀ ਵਿਚ ਚੁਸਤ-ਦਰੁਸਤ ਰੱਖਣ ਲਈ ਹੋਰ ਮੌਕੇ ਪੈਦਾ ਕਰਦਾ ਹੈ।



ਸੋਨੀਆ ਨੇ ਇਸ ਸਮੇਂ ਬੋਲਦਿਆਂ ਕਿਹਾ,"ਸੀਨੀਅਰਾਂ ਦਾ ਸੋਸ਼ਣ ਇਕ ਬੜਾ ਹੀ ਘਿਨਾਉਣਾ ਤੇ ਘਟੀਆ ਅਪਰਾਧ ਹੈ ਅਤੇ ਸਾਨੂੰ ਆਪਣੀ ਪੁਰਾਣੀ ਪੀੜ੍ਹੀ ਨੂੰ ਇਨ੍ਹਾਂ ਤੋਂ ਬਚਾਉਣ ਲਈ ਲੋੜੀਂਦੇ ਸਾਧਨ ਮੁਹੱਈਆ ਕਰਵਾਉਣੇ ਚਾਹੀਦੇ ਹਨ। ਅਜਿਹੇ ਸੁਯੋਗ ਕਾਰਜ ਲਈ ਮੈਨੂੰ ਰਿਚਮੰਡ ਸੈਂਟਰ ਦੇ ਮੈਂਬਰ ਪਾਰਲੀਮੈਂਟ ਵੱਲੋਂ ਪੇਸ਼ ਕੀਤੇ ਗਏ ਬਿੱਲ ਐੱਮ-203 ਦੀ ਹਮਾਇਤ ਕਰਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ।"

ਇਸ ਮੌਕੇ ਸੋਨੀਆ ਸਿੱਧੂ ਨੇ ਬੱਜਟ 2018 ਦਾ ਵੀ ਜ਼ਿਕਰ ਛੇੜਿਆ ਜਿਸ ਵਿਚ 'ਨੈਸ਼ਨਲ ਸਾਈਬਰਕਰਾਈਮ ਕੋਆਰਡੀਨੇਸ਼ਨ ਯੂਨਿਟ ਜਿਹੜੀ ਕਿ ਸਾਈਬਰਕਰਾਈਮ ਬਾਰੇ ਪੁੱਛਗਿੱਛ ਕਰਨ ਵਾਲੀ 'ਹੱਬ' ਹੈ, ਲਈ 116 ਮਿਲੀਅਨ ਡਾਲਰ ਪੂੰਜੀ ਰੱਖੀ ਗਈ ਸੀ। ਇਹ ਸਾਈਬਰਕਰਾਈਮ ਕੋਆਡੀਨੇਸ਼ਨ ਯੂਨਿਟ ਕੈਨੇਡਾ-ਵਾਸੀਆਂ ਨੂੰ ਫ਼ਰਾਡਾਂ ਤੋਂ ਬਚਾਉਣ ਲਈ ਕੰਮ ਕਰੇਗੀ। ਇਸ ਦੇ ਨਾਲ ਹੀ ਉਨ੍ਹਾਂ ਨੇ ਫ਼ਰਾਡ ਪ੍ਰੀਵੈਂਨਸ਼ਨ ਫੋਰਮ, ਫ਼ੈੱਡਰਲ ਫ਼ੈਮਿਲੀ ਵਾਇਲੈਂਸ ਇਨੀਸ਼ੀਏਟਿਵ ਦੇ ਕੰਪੋਨੈਂਟ 'ਜਸਟਿਸ ਕੈਨੇਡਾ' ਅਤੇ ਫ਼ਾਈਨੈਂਸ਼ਲ ਕਨਜ਼ਿਊਮਰ ਏਜੰਸੀ ਆਫ਼ ਕੈਨੇਡਾ ਦੀ ਵੀ ਹਮਾਇਤ ਕੀਤੀ ਜੋ ਇਸ ਖ਼ੇਤਰ ਦੇ ਮਾਹਿਰਾਂ ਅਤੇ ਆਮ ਜਨਤਾ ਨੂੰ ਅਜਿਹੇ ਫ਼ਰਾਡਾਂ ਤੋਂ ਬਚਣ ਲਈ ਲੋੜੀਂਦੀ ਜਾਣਕਾਰੀ ਅਤੇ ਸਰੋਤ ਮੁਹੱਈਆ ਕਰਦੀਆਂ ਹਨ। ਐੱਮ.ਪੀ. ਸਿੱਧੂ ਅਤੇ ਸਮੁੱਚੀ ਲਿਬਰਲ ਪਾਰਟੀ ਸੀਨੀਅਰਾਂ ਦੇ ਹੱਕਾਂ ਦੇ ਬਚਾਅ ਲਈ ਵਚਨਬੱਧ ਹੈ ਜਿਨ੍ਹਾਂ ਨੇ ਅਜੋਕੇ ਕੈਨੇਡਾ ਦਾ ਨਿਰਮਾਣ ਕਰਨ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ।

## ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ-ਦਿਹਾੜਾ ਮਨਾਇਆ

ਬਰੈਂਪਟਨ, (ਡਾ. ਝੰਡ) -ਮਹਿੰਦਰ ਸਿੰਘ ਵਾਲੀਆ ਤੋਂ ਪ੍ਰਾਪਤ ਸੂਚਨਾ ਅਨੁਸਾਰ ਆਹਲੂਵਾਲੀਆ ਐਸੋਸੀਏਸ਼ਨ ਆਫ਼ ਨਾਰਥ ਅਮੇਰਿਕਾ ਵੱਲੋਂ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ 301'ਵਾਂ ਜਨਮ-ਦਿਹਾੜਾ 12 ਮਈ ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਮਾਲਟਨ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸਮੂਹਿਕ ਰੂਪ ਵਿਚ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ, ਰਾਗੀ-ਸਿੰਘਾ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ, ਕਥਾ-ਵਾਚਕਾਂ ਵੱਲੋਂ ਦਲ-ਖ਼ਾਲਸਾ ਦੇ ਪ੍ਰਮੁੱਖ ਜਰਨੈਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪੰਜਵੇਂ ਜੱਥੇਦਾਰ ਸੁਲਤਾਨ-ਉਲ-ਕੌਮ ਅਤੇ ਸਿੱਖਾਂ ਦੇ ਸਿਰਮੌਰ ਲੀਡਰ ਬਾਬਾ ਜੱਸਾ ਸਿੰਘ ਜੀ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਸਮਾਗ਼ਮ ਦੀ ਸਮੁੱਚੀ ਜ਼ਿੰਮੇਂਵਾਰੀ ਐਸੋਸੀਏਸ਼ਨ ਦੇ ਪ੍ਰਧਾਨ ਟੌਮੀ ਵਾਲੀਆ, ਮੀਤ-ਪ੍ਰਧਾਨ ਕਿੰਗ ਵਾਲੀਆ, ਜਨਰਲ ਸਕੱਤਰ ਵਿਸ਼ ਵਾਲੀਆ ਨੇ ਮਿਲ ਕੇ ਨਿਭਾਈ। ਕਿੰਗ ਵਾਲੀਆ ਨੇ ਓਸੇ ਦਿਨ 'ਮਦਰਜ਼ ਡੇਅ' ਹੋਣ ਕਾਰਨ ਇਸ ਵਿਸ਼ੇਸ਼ ਦਿਨ ਬਾਰੇ ਭਰਪੂਰ ਚਾਨਣਾ ਪਾਇਆ। ਸਮਾਗ਼ਮ ਵਿਚ ਹੋਰਨਾਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਪੈਟਰਨ ਮਹਿੰਦਰ ਸਿੰਘ ਵਾਲੀਆ, ਫ਼ਾਈਨਾਂਸ ਸਕੱਤਰ ਜੱਸ ਵਾਲੀਆ, ਪੀਲ ਪੋਲੀਸ ਬੋਰਡ ਦੇ ਸਾਬਕਾ ਚੇਅਰਪਰਸਨ ਅਮਰੀਕ ਸਿੰਘ ਵਾਲੀਆ, ਕੇ.ਡੀ. ਵਾਲੀਆ, ਹਰਸ਼ਰਨ ਸਿੰਘ ਵਾਲੀਆ, ਚਰਨਜੀਤ ਸਿੰਘ ਵਾਲੀਆ, ਰਾਜਿੰਦਰ ਸਿੰਘ ਵਾਲੀਆ, ਹਰਮਨ ਵਾਲੀਆ ਤੇ ਕਈ ਹੋਰ ਸ਼ਾਮਲ ਸਨ। ਅਮਾਗ਼ਮ ਦੇ ਅਖ਼ੀਰ ਵਿਚ ਪ੍ਰਧਾਨ ਟੌਮੀ ਵਾਲੀਆ ਵੱਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ।

## ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅੰਤਰ ਰਾਸ਼ਟਰੀ 6ਵਾਂ ਅਵਾਰਡ ਸਮਾਰੋਹ ਮਨਾਇਆ



ਬਰੈਂਪਟਨ (ਜਰਨੈਲ ਸਿੰਘ ਮਠਾੜੂ ) ਰਾਮਗੜ੍ਹੀਆ ਸਿੱਖ ਫਾਊਡੇਸ਼ਨ ਔਫ ਉੰਟਾਰੀਓ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 296ਵਾਂ ਜਨਮ ਦਿਨ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਸਪਰਿਜਾ ਬੈਂਕੁਟ ਹਾਲ ਬਰੈਂਪਟਨ ਵਿਖੇ ਹਰ ਜਾਹੋ ਜਲਾਲ ਨਾਲ ਮਨਾਇਆ ਗਿਆ । ਇਸ ਵਿੱਚ ਫਾਊਂਡੇਸ਼ਨ ਦੇ ਮੈਂਬਰ ਪਰਿਵਾਰ ਅਤੇ ਮਹਿਮਾਨ ਬਹੁਤ ਹੀ ਭਰਵੀਂ ਹਾਜ਼ਰੀ ਵਿੱਚ ਸ਼ਾਮਲ ਹੋਏ ਅਵਤਾਰ ਸਿੰਘ ਭੁਰਜੀ , ਹਰਮੰਦਰ ਸਿੰਘ ਗੈਦੂ , ਜੋਗਿੰਦਰ ਸਿੰਘ , ਬਲਬੀਰ ਸਿੰਘ ਦਿੱਲੀ , ਪ੍ਰਿਤਪਾਲ ਸਿੰਘ ਮੋਗਾ , ਜ਼ਰੂਰਤ ਸਿੰਘ ਮੁੰਡੇ , ਨਵਦੀਪ ਸਿੰਘ ਜੰਡੂ ਬਰਨਾਲਾ , ਮਨਮੀਤ ਕੌਰ ਰਿਹਾਲ ਪੂਨਾ ਰਵਿੰਦਰਪਾਲ ਸਿੰਘ ਵਿਰਦੀ , ਰਵਿੰਦਰ ਸਿੰਘ ਹੁੰਝਣ , ਉਪਕਾਰ ਸਿੰਘ ਗ਼ਜ਼ਲ ਬਾਦਸ਼ਾਹ , ਭੁਪਿੰਦਰ ਸਿੰਘ ਸੈਂਬੀ ਵਿਨੀਪੈਗ, ਹਰਦੇਵ ਸਿੰਘ ਗੈਦੂ ਵਿੰਨੀਪੈੱਗ , ਮੇਜਰ ਸਿੰਘ ਮਾਲਵਾ ਵੈਨਕੂਵਰ , ਡਾਕਟਰ ਮੁਕੇਸ਼ ਕੋਚਰ ਮੋਗਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ।ਇਸ ਮੌਕੇ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਰਦਾਰ ਰਣਜੋਧ ਸਿੰਘ ਜੀ ਐੱਮ ਡੀ ਜੀ ਐੱਸ ਇੰਟਰਨੈਸ਼ਨਲ ਲੁਧਿਆਣਾ , ਭਾਰਤ ਤੋਂ ਪਧਾਰੇ ਹੋਏ ਸਨ । ਪ੍ਰੋਗਰਾਮਾਂ ਦੀ ਸ਼ੁਰੂਆਤ ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ( ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ !! ਗਾਇਣ ਕੀਤਾ, ਭਾਰਤ ਦਾ ਰਾਸ਼ਟਰੀ ਗੀਤ ਜਨ ਗਨ ਮਨ ਅਤੇ ਕੈਨੇਡਾ ਦਾ ਰਾਸ਼ਟਰੀ ਗੀਤ ਓ ਕੈਨੇਡਾ ਵੀ ਬੱਚਿਆਂ ਦੁਆਰਾ ਗਾਇਆ ਗਿਆ । ਇਸ ਤੋਂ ਬਾਅਦ ਰਣਜੀਤ ਸਿੰਘ ਲਾਲ ਦੇ ਮਿਊਜ਼ੀਕਲ ਗਰੁੱਪ ਵੱਲੋਂ ਸੰਗਤਾਂ ਦਾ ਮਨੋਰੰਜਨ ਵੀ ਕੀਤਾ ਗਿਆ ।ਇਸ ਤੋਂ ਉਪਰੰਤ ਕੈਨੇਡਾ ਵਿੱਚੋਂ ਰਾਮਗੜ੍ਹੀਆ ਕੌਮ ਦੀਆਂ ਮਹਾਨ ਸ਼ਖ਼ਸੀਅਤਾਂ ਨੂੰ , ਉਨ੍ਹਾਂ ਦੇ ਕੀਤੇ ਕੰਮਾਂ ਬਦਲੇ ਇੱਕ ਮੋਮੈਂਟੋ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ ।ਪ੍ਰਧਾਨ ਜਸਵੀਰ ਸਿੰਘ ਸੈਂਭੀ ਵੱਲੋਂ ਸਾਰੇ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ।ਜਨਰਲ ਸਕੱਤਰ ਸਰਦਾਰ ਮਨਜੀਤ ਸਿੰਘ ਭੱਚੂ ਵੱਲੋਂ ਫਾਊਂਡੇਸ਼ਨ ਦੇ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਚਲਾਏ ਜਾ ਰਹੇ ਪ੍ਰਾਜੈਕਟਾਂ ਬਾਰੇ ਭਰਪੂਰ ਚਾਨਣਾ ਪਾਇਆ ਗਿਆ । ਪ੍ਰੋਗਰਾਮ 6ਵਜੇ ਤੋਂ ਲੈ ਕੇ ਸਾਢੇ ਦਸ ਵਜੇ ਤੱਕ ਨਿਰੰਤਰ ਚੱਲਿਆ । ਕੇਹਰ ਸਿੰਘ ਮਠਾੜੂ ਕੌਮ ਦੇ ਨਾਮਵਰ ਲਿਖਾਰੀ ਨੇ ਆਪਣੇ ਭਾਸ਼ਣ ਵਿੱਚ ਰਾਮਗੜ੍ਹੀਆ ਕੌਮ ਦੀ ਬਹਾਦਰੀ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ ।ਇਸ ਉਪਰੰਤ ਹੈਟਸ ਅਪ ਸੰਸਥਾ ਦੀ ਟੀਮ ਵੱਲੋਂ ਤਿਆਰ ਕੀਤਾ ਗਿਆ, ਲਘੂ ਨਾਟਕ ਮਹਾਰਾਜਾ ਜੱਸਾ ਸਿੰਘ ਦੀ ਜੀਵਨੀ ਬਾਰੇ ਖੇਡਿਆ ਗਿਆ, ਜੋ ਕਿ ਅੱਧੇ ਘੰਟੇ ਦਾ ਸੀ, ਸਰੋਤੇ ਤੇ ਦਰਸ਼ਕਾਂ ਵੱਲੋਂ ਇਸ ਦੀ ਬਹੁਤ ਸ਼ਲਾਘਾ ਕੀਤੀ ਗਈ। ਇਹ ਨਾਟਕ ਹੈਟਸ ਅਪ ਸੰਸਥਾ ਦੇ ਹੀਰਾ ਸਿੰਘ ਰੰਧਾਵਾ ਦੇ ਨਿਰਦੇਸ਼ਨ ਹੇਠ ਨਾਟਕ ਕੀਤਾ ਗਿਆ । ਜਿਸ ਨੂੰ ਬੱਚਿਆਂ ਨੇ ਅਤੇ ਦਰਸ਼ਕਾਂ ਨੇ ਬਹੁਤ ਹੀ ਸ਼ਾਂਤੀ ਨਾਲ ਦੇਖਿਆ ।ਇਹ ਨਾਟਕ ਆਏ ਹੋਏ ਸਾਰੇ ਮਹਿਮਾਨਾਂ ਦੇ ਦਿਲਾਂ ਵਿੱਚ ਡੂੰਘੀ ਛਾਪ ਛੱਡ ਗਿਆ ।ਇਸ ਐਵਾਰਡ ਨਾਈਟ ਵਿੱਚ ਭਾਰਤ , ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚੋਂ ਆਏ ਮਹਿਮਾਨਾਂ ਨੂੰ , ਉਨ੍ਹਾਂ ਦੇ ਖੇਤਰ ਵਿਚ ਦਿੱਤੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਬਰੈਂਪਟਨ ਦੀ ਐੱਮ ਪੀ ਸੋਨੀਆ ਸਿੱਧੂ , ਭਾਰਤੀ ਕੌਂਸਲੇਟ ਦੇ ਦਿਨੇਸ਼ ਭਾਟੀਆ ਜੀ ਵੱਲੋਂ ਸੰਦੇਸ਼ ਪੱਤਰ ਦੇ ਕੇ ਸਰਦਾਰ ਦਵਿੰ-ਦਰ ਪਾਲ ਸਿੰਘ ਜੀ ਵੀ ਸ਼ਾਮਲ ਹੋਏ । ਆਖਿਰ ਵਿੱਚ ਇਸ ਸਮਾਗਮ ਦੇ ਮੁੱਖ ਮਹਿਮਾਨ ਰਣਜੋਧ ਸਿੰਘ ਨੂੰ ਕੌਮ ਪ੍ਰਤੀ ਕੀਤੀਆਂ ਸੇਵਾਵਾਂ ਬਦਲੇ ਮੋਮੈਂਟੋ ਅਤੇ ਸ਼ਾਲ ਦੇ ਕੇ ਸਨਮਾਨ ਕੀਤਾ ਗਿਆ। ਸਰਦਾਰ ਰਣਜੋਧ ਸਿੰਘ ਨੇ ਆਪਣੇ ਭਾਸ਼ਣ ਵਿੱਚ ਨਿਵੇਕਲੇ ਢੰਗ ਨਾਲ ਆਪਣੇ ਟੋਟਕੇ ਸੁਣਾ ਕੇ ਦਰਸ਼ਕਾਂ ਤੇ ਸਰੋਤਿਆਂ ਨੂੰ ਰਾਮਗੜ੍ਹੀਆ ਮਿਸਲ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ।ਇਸ ਸਾਰੇ ਪ੍ਰੋਗਰਾਮ ਵਿਚ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਦਿਆਲ ਸਿੰਘ ਝੀਤਾ ਅਤੇ ਬੀਬੀ ਨਵਦੀਪ ਗਿੱਲ ਨੇ ਬਹੁਤ ਹੀ ਸੁੰਦਰ ਢੰਗ ਨਾਲ ਨਿਭਾਈ ।ਉਪਰੰਤ ਫਾਊਡੇਸ਼ਨ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਵੱਲੋਂ ਆਏ ਮਹਿਮਾਨਾਂ , ਮਹਾਨ ਸ਼ਖ਼ਸੀਅਤਾਂ ਅਤੇ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਦੇ ਸਮੂਹ ਮੈਂਬਰਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ , ਜਿਨ੍ਹਾਂ ਸਦਕਾ ਇਹ ਪ੍ਰੋਗਰਾਮ ਬੇਹੱਦ ਸਫਲ ਹੋ ਕੇ ਨਿਬੜਿਆ । ਉਪਰੰਤ ਬਹੁਤ ਹੀ ਸੁਆਦਲੇ ਖਾਣੇ ਦਾ ਆਨੰਦ ਮਾਣਿਆ , ਇਸ ਪ੍ਰੋਗਰਾਮ ਅਤੇ ਆਉਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਵਾਸਤੇ 416 305 9878 ਤੇ ਦਲਜੀਤ ਸਿੰਘ ਗੈਦੂ ਨੂੰ ਸੰਪਰਕ ਕੀਤਾ ਜਾ ਸਕਦਾ ਹੈ ।

## "What a great painting!

As parents, we want to be able to guide and shape our children in the most positive ways possible.


"What a great painting! You're such a good artist!" rings hollow to a child, who knows she is not a great artist. Instead, notice what the child did, show interest and ask the child to reflect on the painting, her art craft. "I see lots of blue over here, and lots of green over here. Tell me about this painting!" encourage her

That's what I am doing to my 7 years old daughter Gurleen Flora student at Parkway Public School in grade 4 loves to do art craft and I love to support her, encourage her talent, this way her self-esteem will build up, and with the time she get old and mature she will be the best art craft designer

Through creative art, children may be able to represent experiences that they cannot verbalize. They may draw pictures out of proportion, exaggerating things that are important to them. When we value children's creativity, we help them feel valued as people, raising their self-esteem.

And I think we all need to stand with our kids, and support them with their hobbies, talents so they freely work in their desired field.

Here's one of her art craft that she done in her classroom.






## ਬਰੈਂਪਟਨ ਐਕਸ਼ਨ ਕੋਲੀਸ਼ਨ ਵੱਲੋਂ ਟਾਊਂਨ ਹਾਲ ਮੀਟਿੰਗ 26 ਨੂੰ

ਬਰੈਂਪਟਨ 'ਚ ਵੱਖੋ ਵੱਖਰੇ ਫਰੰਟਾਂ 'ਤੇ ਕੰਮ ਕਰਦੀਆਂ ਕੋਈ 30 ਦੇ ਕ੍ਰੀਬ ਜੱਥੇਬੰਦੀਆਂ ਦੇ ਸਰਗਰਮ ਮੈਂਬਰਾਂ ਵਲੋਂ ਹੈਲਥ ਕੇਅਰ ਅਤੇ ਯੂਨੀਵਰਸਿਟੀ ਦੇ ਮਸਲੇ ਨੂੰ ਲੈ ਕੇ ਇਕ ਵੱਡੀ ਟਾਊਨ ਹਾਲ ਮੀਟਿੰਗ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬਰੈਂਪਟਨ ਦੇ ਵਾਸੀਆਂ ਵਲੋਂ ਪੂਰੇ ਟੈਕਸ ਦਿੱਤੇ ਜਾਣ ਦੇ ਬਾਵਜੂਦ ਵੀ ਸਰਕਾਰਾਂ ਵਲੋਂ ਬਣਦੀਆਂ ਸੇਵਾਵਾਂ ਹੋਰ ਬਹੁਤੇ ਸ਼ਹਿਰਾਂ ਨਾਲੋਂ ਘੱਟ ਦਿੱਤੀਆਂ ਜਾ ਰਹੀਆਂ ਹਨ। ਅਸੀਂ ਸਭ ਪੱਧਰ ਦੇ ਚੁਣੇ ਹੋਏ ਨੁਮਾਇੰਦਿਆਂ ਕੋਲ ਇਹਨਾਂ ਮਸਲਿਆਂ ਨੂੰ ਉਭਾਰ ਰਹੇ ਹਾਂ। ਬਰੈਂਪਟਨ ਦੇ ਮੇਅਰ ਤੇ ਕੌਂਸਲ ਨਾਲ ਵੀ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ। ਦੋਹਾਂ ਹੀ ਐਮ ਪੀ ਪੀ ਨਾਲ ਵੀ ਮੀਟਿੰਗਾਂ ਤੇ ਹੋਰ ਵਸੀਲਿਆਂ ਰਾਂਹੀ ਗੱਲ- ਬਾਤ ਕੀਤੀ ਜਾ ਚੁੱਕੀ ਹੈ। ਐਮ ਪੀ ਪੀ ਨੂੰ ਟਾਊਨ ਹਾਲ ਮੀਟਿੰਗ ਬਾਰੇ ਮਹੀਨਾਂ ਪਹਿਲਾਂ ਤੋਂ ਈ-ਮੇਲ ਕੀਤੀਆਂ ਜਾ ਚੁੱਕੀਆਂ ਹਨ ਪਰ ਉਹਨਾਂ ਵਲੋਂ ਅਜੇ ਤੱਕ ਕੋਈ ਜਵਾਬ ਨਹੀਂ ਆਇਆ। ਕੁਝ ਹੋਰ ਚੁਣੇ ਹੋਏ ਨੁਮਾਇਦਿਆਂ ਵਲੋਂ ਇਸ ਮੀਟਿੰਗ 'ਚ ਆਉਣ ਲਈ ਹਾਂ ਕੀਤੀ ਜਾ ਚੁੱਕੀ ਹੈ। ਅਸੀਂ ਸਾਰੇ ਬਰੈਂਪਟਨ ਵਾਸੀਆਂ ਨੂੰ ਪੁਰ-ਜ਼ੋਰ ਅਪੀਲ ਕਰਦੇ ਹਾਂ ਕਿ ਇਸ ਮੀਟਿੰਗ ਨੂੰ ਕਾਮਯਾਬ ਕਰਨ ਲਈ ਵੱਧ ਤੋਂ ਵੱਧ ਗਿਣਤੀ'ਚ ਪਹੁੰਚੋਂ। ਇਸ ਸ਼ਹਿਰ 'ਚ ਕਰਾਈਮ ਵੀ ਵੱਧ ਰਿਹੈ, ਚੋਰੀਆਂ ਤੇ ਦਿਨ ਦਿਹਾੜੇ ਡਾਕਿਆਂ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਨਵੀਂ ਸਰਕਾਰ ਵਲੋਂ ਸਾਲ ਦੇ ਕਰੀਬ ਹੋ ਜਾਣ ਤੇ ਵੀ ਵਹੀਕਲ ਇੰਨਸਿਉਰੈਂਸ ਦੇ ਰੇਟਾਂ ਬਾਰੇ ਕੁਝ ਨਹੀਂ ਕੀਤਾ ਜਾ ਸਕਿਆ। ਚੁਣੇ ਹੋਏ ਲੀਡਰ ਲੋਕਾਂ ਨੂੰ ਜਵਾਬ ਦੇਣ ਤੋਂ ਭੱਜ ਰਹੇ ਹਨ। ਬਰੈਂਪਟਨ ਦੇ ਹਸਪਤਾਲ 'ਚ ਮਰੀਜਾਂ ਨੂੰ ਲੰਮੀ ਇੰਤਜਾਰ ਕਰਨੀ ਪੈਂਦੀ ਹੈ ਤੇ ਹਜ਼ਾਰਾਂ ਹੀ ਸੀਰੀਅਸ ਮਰੀਜਾਂ ਦਾ ਇਲਾਜ ਹਾਲਵੇ 'ਚ ਹੀ ਕੀਤਾ ਜਾਂਦਾ ਹੈ। ਫੋਰਡ ਸਰਕਾਰ ਵਲੋਂ ਹਰ ਫਰੰਟ ਤੇ ਕੱਟ ਲਾਏ ਜਾ ਰਹੇ ਹਨ। ਆਉ ਇਕੱਠੇ ਹੋ ਕੇ ਇਹਨਾਂ ਮਸਲਿਆਂ ਦਾ ਹੱਲ ਲੱਭਣ ਲਈ ਇਸ ਮੀਟਿੰਗ 'ਚ ਪਹੁੰਚੀਏ। ਇਸ ਮੀਟਿੰਗ 'ਚ ਤੁਸੀਂ ਆਪਣੀਆਂ ਮੁਸ਼ਕਲਾਂ ਵੀ ਸਾਂਝੀਆਂ ਕਰ ਸਕਦੇ ਹੋ। ਕੋਲੀਸ਼ਨ ਸਾਰੇ ਹੀ ਮੀਡੀਏ ਨੂੰ ਇਸ ਮੀਟਿੰਗ 'ਚ ਪਹੁੰਚਣ ਲਈ ਪੁਰ-ਜ਼ੋਰ ਅਪੀਲ ਕਰਦੀ ਹੈ ਤੇ ਸਾਰੇ ਮੀਡੀਏ ਵਲੋਂ ਦਿੱਤੇ ਜਾ ਰਹੇ ਸਹਿਯੋਗ ਦਾ ਵੀ ਭਰਪੂਰ ਸਵਾਗਤ ਕਰਦੀ ਹੈ।

ਸਥਾਨ: ਬਰੈਂਪਟਨ ਸੌਕਰ ਸੈਂਟਰ ਦਿਨ ਐਤਵਾਰ 26 ਮਈ ਤੇ ਬਾਅਦ ਦੁਪਿਹਰ 2 ਵਜੇ ਤੋਂ 5 ਵਜੇ ਤੱਕ ਹੋਰ ਜਾਣਕਾਰੀ ਲਈ ਇਹਨਾਂ ਨੰਬਰਾਂ ਤੇ ਫੋਨ ਵੀ ਕੀਤਾ ਜਾ ਸਕਦਾ ਹੈ। 416-728-5686 ਜਾਂ 416-817-7142, 416-881-7202, 647-700-8259 416-930-5676

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਸੰਪਾਦਕੀ

## ਪੀਲ ਰੀਜਨ ਦਾ ਭੱਵਿਖ ਕਿਸਦੇ ਹੱਥ?

21 ਮਈ ਨੂੰ ਬਰੈਂਪਟਨ ਸਿਟੀ ਕਾਉਂਸਲ ਨੇ ਸਰਬਸੰਮਤੀ ਵੋਟ ਰਾਹੀਂ ਫੈਸਲਾ ਕੀਤਾ ਹੈ ਕਿ ਉਹ ਪੀਲ ਰੀਜਨ ਦੇ ਵਰਤਮਾਨ ਪ੍ਰਸ਼ਾਸ਼ਨਕ ਢਾਂਚੇ (governance structure) ਨੂੰ ਬਰਕਰਾਰ ਰੱਖਣ ਦੇ ਹੱਕ ਵਿੱਚ ਹੈ। ਬਰੈਂਪਟਨ ਸਿਟੀ ਕੋਲ 21 ਮਈ ਹੀ ਆਖਰੀ ਦਿਨ ਦਿਨ ਸੀ ਜਿਸ ਤੱਕ ਉਸਨੇ ਪੀਲ ਰੀਜਨ ਦਾ ਹਿੱਸਾ ਬਣੇ ਰਹਿਣ ਬਾਬਤ ਫੈਸਲਾ ਕਰਨਾ ਸੀ। ਪ੍ਰੋਵਿੰਸ਼ੀਅਲ ਸਰਕਾਰ ਨੇ ਪੀਲ, ਵਾਟਰਲੂ, ਡੁਰਹਾਮ, ਮੁਸਕੋਕਾ, ਨਿਆਗਾਰਾ, ਆਕਸਫੋਰਡ ਅਤੇ ਯੌਰਕ ਰੀਜਨ ਦੀਆਂ ਸਥਾਨਕ ਸਰਕਾਰਾਂ ਸਮੇਤ 82 ਮਿਉਂਸਪੈਲਟੀਆਂ ਦੇ ਕੰਮਕਾਜ ਦਾ ਮੁਲਾਂਕਣ ਕਰਨ ਦਾ ਬੀੜਾ ਆਰੰਭਿਆ ਹੋਇਆ ਹੈ।

ਪੀਲ ਰੀਜਨ ਦੇ ਪ੍ਰਸ਼ਾਨਕ ਢਾਂਚੇ ਵਿੱਚ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਾਨ ਸ਼ਾਮਲ ਹਨ ਜੋ ਪਾਣੀ, ਸਿਹਤ, ਗਾਰਬੇਜ, ਪੈਰਾਮੈਡਿਕਸ, ਸੋਸ਼ਲ ਹਾਊਸਿੰਗ, ਸੜਕਾਂ ਆਦਿ ਕਈ ਸੇਵਾਵਾਂ ਲਈ ਜੁੰਮੇਵਾਰ ਹੈ। ਫੋਰਡ ਸਰਕਾਰ ਅਗਸਤ ਦੇ ਆਖਰ ਤੱਕ ਫੈਸਲਾ ਕਰੇਗੀ ਕਿ ਇਹਨਾਂ ਸਥਾਨਕ ਸਰਕਾਰਾਂ ਦੀ ਬਣਤਰ ਕਿਹੋ ਜਿਹੀ ਹੋਵੇਗੀ। ਵੱਖ 2 ਸਰਵੇਖਣ ਦੱਸਦੇ ਹਨ ਕਿ ਪੀਲ ਰੀਜਨ ਦੇ 65% ਵਾਸੀਆਂ ਨੂੰ ਇਹ ਹੀ ਪਤਾ ਨਹੀਂ ਕਿ ਮਿਉਸਪੈਲਟੀਆਂ ਦੀ ਬਣਤਰ ਨੂੰ ਬਦਲਣ ਬਾਰੇ ਮੁਲਾਂਕਣ ਨਾਮ ਦੀ ਕੋਈ ਸ਼ੈਅ ਵੀ ਕਰਵਾਈ ਜਾ ਰਹੀ ਹੈ। ਇਸ ਅਗਿਆਨਤਾ ਦੀ ਪਿੱਠ ਭੂਮੀ ਵਿੱਚ ਸਮਝਿਆ ਜਾ ਸਕਦਾ ਹੈ ਕਿ ਸਿਆਸਤਦਾਨ ਜੋ ਵੀ ਫੈਸਲੇ ਕਰਨ, ਸੱਭ ਹੱਛਾ ਹੀ ਹੈ।

ਮਿਸੀਸਾਗਾ ਕਾਉਂਸਲ ਨੇ 20 ਮਾਰਚ ਨੂੰ ਫੈਸਲੇ ਕੀਤਾ ਸੀ ਕਿ ਉਹ ਪੀਲ ਰੀਜਨ ਨੂੰ ਤਲਾਕ ਦੇ ਕੇ ਵੱਖਰਾ ਹੋਣਾ ਚਾਹੁੰਦੇ ਹਨ। ਮੇਅਰ ਬੌਨੀ ਕਰੌਂਬੀ ਮੁਤਾਬਕ ਮਿਸੀਸਾਗਾ ਵੱਲੋਂ ਹਰ ਸਾਲ 85 ਮਿਲੀਅਨ ਡਾਲਰ ਬਰੈਂਪਟਨ ਅਤੇ ਕੈਲੀਡਾਨ ਦੇ ਵਿਕਾਸ ਲਈ ਖਰਚੇ ਜਾਂਦੇ ਹਨ ਜੋ ਕਿ ਸਿੱਧੇ ਤੌਰ ਉੱਤੇ ਮਿਸੀਸਾਗਾ ਵਾਸੀਆਂ ਅਤੇ ਬਿਜਨਸਾਂ ਦਾ ਨੁਕਸਾਨ ਹੈ। ਦੂਜੇ ਪਾਸੇ ਬਰੈਂਪਟਨ ਮੇਅਰ ਪੈਟਰਿਕ ਬਰਾਊਨ ਦਾ ਆਖਣਾ ਹੈ ਕਿ ਬੌਨੀ ਕਰੌਂਬੀ ਵੱਲੋਂ 2004 ਦੇ ਅੰਕੜੇ ਵਰਤ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਕੈਲੀਡਾਨ ਨੇ 3 ਮਾਰਚ ਨੂੰ ਮੀਟਿੰਗ ਕਰਕੇ ਬਰੈਂਪਟਨ ਵਾਂਗੂੰ ਵਰਤਮਾਨ ਢਾਂਚੇ ਨੂੰ ਬਰਕਰਾਰ ਰੱਖਣ ਦੇ ਹੱਕ ਵਿੱਚ ਵੋਟ ਪਾਈ ਸੀ।

ਹੁਣ ਵੇਖਦੇ ਹਾਂ ਕਿ ਰੀਜਨ ਆਫ ਪੀਲ ਦੀ ਸਥਿਤੀ ਨੂੰ ਜਿਸਦਾ ਚੀਰ-ਹਰਨ ਕਰਨ ਬਾਰੇ ਚਰਚਾ ਹੋ ਰਹੀ ਹੈ। ਰੀਜਨ ਆਫ ਪੀਲ ਵੱਲੋਂ ਇਹ ਘੋਖਣ ਲਈ ਦੋ ਰਿਪੋਰਟਾਂ ਤਿਆਰ ਕਰਵਾਈਆਂ ਗਈਆਂ ਕਿ ਕੀ ਪੀਲ ਰੀਜਨ ਨੂੰ ਜਿਵੇਂ ਹੈ, ਉਵੇਂ ਰੱਖਿਆ ਜਾਣਾ ਚਾਹੀਦਾ ਹੈ, ਤਿੰਨਾਂ ਸ਼ਹਿਰਾਂ ਦੀ ਹੋਂਦ ਖਤਮ ਕਰਕੇ ਇੱਕ ਵੱਡਾ ਸ਼ਹਿਰ ਬਣਾ ਦਿੱਤਾ ਜਾਵੇ ਜਾਂ ਫੇਰ ਰੀਜਨ ਆਫ ਪੀਲ ਨੂੰ ਭੰਗ ਕਰਕੇ ਤਿੰਨੇ ਸ਼ਹਿਰ ਆਪੋ ਆਪਣੀ ਹੋਣੀ ਦੇ ਖੁਦ ਜੁੰਮੇਵਾਰ ਬਣਨ। ਮਿਸੀਸਾਗਾ ਤੀਜੇ ਆਪਸ਼ਨ (ਵਿਕਲਪ) ਦਾ ਹਾਮੀ ਹੈ। ਇੱਕ ਰਿਪੋਰਟ ਵਿਸ਼ਵ ਪ੍ਰਸਿੱਧ ਅਕਾਉਂਟਿੰਗ ਫਰਮ ਡੈਲੋਆਇਟ (Deloitte) ਤੋਂ ਤਿਆਰ ਕਰਵਾਈ।

Deloitte ਮੁਤਾਬਕ ਜੇ ਤਿੰਨਾਂ ਸ਼ਹਿਰਾਂ ਨੂੰ ਮਿਲਾ ਕੇ ਇੱਕ ਵੱਡਾ ਸ਼ਹਿਰ ਬਣਾਇਆ ਜਾਂਦਾ ਹੈ ਤਾਂ ਅਗਲੇ 10 ਸਾਲਾਂ ਵਿੱਚ 676 ਮਿਲੀਅਨ ਡਾਲਰ ਹੋਰ ਟੈਕਸ ਲਾਉਣ ਦੀ ਲੋੜ ਪਵੇਗੀ। ਰੀਜਨ ਨੂੰ ਭੰਗ ਕਰਨ ਦੀ ਸੂਰਤ ਵਿੱਚ 1081 ਮਿਲੀਅਨ ਡਾਲਰ ਖਰਚ ਹੋ ਸਕਦਾ ਹੈ। ਸੰਖੇਪ ਵਿੱਚ ਰਿਪੋਰਟ ਦੀ ਸਿਫਾਰਸ਼ ਹੈ ਕਿ ਭੰਗ ਕਰਨ ਜਾਂ ਏਕੀਕਰਣ ਦੋਵਾਂ ਵਿਕਲਪਾਂ ਵਿੱਚ ਟੈਕਸ ਵੱਧਣਗੇ। ਐਰਨਸਟ ਐਂਡ ਯੌਂਗ (Ernst and Yonge) ਵੱਲੋਂ ਤਿਆਰ ਇੱਕ ਹੋਰ ਰਿਪੋਰਟ ਮੁਤਾਬਕ ਜੇ ਪੀਲ ਖੇਤਰ ਵਿੱਚ ਸੇਵਾਵਾਂ ਉੱਤੇ 2018 ਵਿੱਚ 2524 ਮਿਲੀਅਨ ਡਾਲਰ ਖਰਚ ਹੋਏ ਤਾਂ ਉਸ ਵਿੱਚੋਂ ਰੀਜਨ ਆਫ ਪੀਲ ਦੇ ਬੱਜਟ ਵਿੱਚੋਂ 1,444 ਮਿਲੀਅਨ, ਮਿਸੀਸਾਗਾ ਨੇ 535 ਮਿਲੀਅਨ, ਬਰੈਂਪਟਨ 481 ਮਿਲੀਅਨ ਅਤੇ ਕੈਲੇਡਾਨ ਨੇ 69 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ। ਮੋਟੇ ਰੂਪ ਵਿੱਚ ਇਸ ਰਿਪੋਰਟ ਨੇ ਸਿਫਾਰਸ਼ ਦਿੱਤੀ ਕਿ ਸਹੀ ਨਤੀਜੇ ਉੱਤੇ ਪੁੱਜਣ ਲਈ ਹੋਰ ਸਟੱਡੀ ਕੀਤੇ ਜਾਣ ਦੀ ਲੋੜ ਹੈ।

ਇਹਨਾਂ ਕੌੜੇ ਮਿੱਠੇ ਅੰਕੜਿਆਂ ਤੋਂ ਉੱਪਰ ਇੱਕ ਹੋਰ ਤੱਥ ਪ੍ਰੀਮੀਅਰ ਡੱਗ ਫੋਰਡ, ਬਰੈਂਪਟਨ ਮੇਅਰ ਪੈਟਰਿਕ ਬਰਾਊਨ ਅਤੇ ਮਿਸੀਸਾਗਾ ਮੇਅਰ ਬੌਨੀ ਕਰੌਂਬੀ ਦੇ ਸਿਆਸੀ ਮਨਸ਼ੇ ਹਨ। ਡੱਗ ਫੋਰਡ ਲਈ ਪੈਟਰਿਕ ਇੱਕ ਅਣਸੁਖਾਵੀਂ ਘਟਨਾ ਹੈ ਪਰ ਅੱਜ ਦੇ ਦਿਨ ਪੈਟਰਿਕ ਨੇ ਆਪਣੇ ਪੈਰ ਬਰੈਂਪਟਨ ਅਤੇ ਇਰਦ ਗਿਰਦ ਕਾਫ਼ੀ ਮਜ਼ਬੂਤ ਕੀਤੇ ਹੋਏ ਹਨ। ਬੌਨੀਂ ਕਰੌਂਬੀ ਵੀ ਬੇਸ਼ੱਕ ਮਿਸੀਸਾਗਾ ਵਿੱਚ ਮਕਬੂਲ ਹੈ ਪਰ ਸਮੁੱਚੇ ਪੀਲ ਰੀਜਨ ਵਿੱਚ ਪੈਟਿਰਕ ਜਿੰਨੀ ਮਕਬੂਲ ਨਹੀਂ ਹੈ। ਪੈਟਰਿਕ ਬਰਾਊਨ ਕੋਲ ਪ੍ਰੋਵਿੰਸ਼ੀਅਲ ਜਾਂ ਫੈਡਰਲ ਸਿਆਸਤ ਵਿੱਚ ਜਾਣ ਦੀ ਨਾ ਕੋਈ ਖਵਾਹਿਸ਼ ਹੈ ਅਤੇ ਨਾ ਹੀ ਕੋਈ ਵਿਕਲਪ ਨਹੀਂ। ਇਸਤੋਂ ਉਲਟ ਬੌਨੀ ਕਰੌਂਬੀ ਪ੍ਰੋਵਿੰਸ਼ੀਅਲ ਲਿਬਰਲ ਲੀਡਰਸ਼ਿੱਪ ਚੋਣ ਲਈ ਦਾਅਵੇਦਾਰ ਵੀ ਹੋ ਸਕਦੀ ਹੈ। ਬੌਨੀ ਕਰੌਂਬੀ ਨਾਲੋਂ ਡੱਗ ਫੋਰਡ ਦੇ ਕਬਾਬ ਵਿੱਚ ਪੈਟਰਿਕ ਬਰਾਊਨ ਵੱਡੀ ਹੱਡੀ ਹੈ। ਇਹਨਾਂ ਤਿੱਕੜਮਾਂ ਦੇ ਚੱਲਦੇ ਜਦੋਂ ਅਗਸਤ ਵਿੱਚ ਫੋਰਡ ਸਰਕਾਰ ਫੈਸਲਾ ਕਰੇਗੀ, ਰੱਬ ਜਾਣਦਾ ਹੈ ਕਿ ਉਸ ਵੇਲੇ ਅੰਕੜੇ ਵੇਖੇ ਵੀ ਜਾਣਗੇ ਜਾਂ ਸਿਰਫ਼ ਅਤੇ ਸਿਰਫ਼ ਸਿਆਸੀ ਕਲਾਬਾਜ਼ੀਆਂ ਦੇ ਰੰਗ ਬਿਖੇਰੇ ਮਿਲਣਗੇ।

## ਵੈਨਕੂਵਰ ਵਿੱਚ ਟਰੂਡੋ ਦੇ ਫੰਡਰੇਜ਼ਿੰਗ ਭਾਸ਼ਣ ਵਿੱਚ ਪਾਈਪਲਾਈਨ ਮੁਜ਼ਾਹਰਾਕਾਰੀ ਨੇ ਪਾਇਆ ਵਿਘਨ

...ਪੰਨਾ 1 ਦਾ ਬਾਕੀ



ਉਨ੍ਹਾਂ ਜਾਰਜ ਨੂੰ ਮੁਖਾਤਿਬ ਹੁੰਦਿਆਂ ਇਹ ਵੀ ਆਖਿਆ ਕਿ ਉਸ ਵਾਂਗ ਹੀ ਕਈ ਹੋਰ ਮੂਲਵਾਸੀ ਲੋਕ ਪਾਈਪਲਾਈਨ ਤੇ ਕਈ ਹੋਰਨਾਂ ਪ੍ਰੋਜੈਕਟਾਂ ਦੇ ਖਿਲਾਫ ਆਪਣੀ ਆਵਾਜ਼ ਉਠਾ ਰਹੇ ਹਨ। ਕਈ ਹੋਰ ਮੂਲਵਾਸੀ ਇਨ੍ਹਾਂ ਪ੍ਰੋਜੈਕਟਾਂ ਦੇ ਪੱਖ ਵਿੱਚ ਆਵਾਜ਼ ਬੁਲੰਦ ਕਰ ਰਹੇ ਹਨ। ਟਰੂਡੋ ਨੇ ਜਾਰਜ ਨੂੰ ਆਖਿਆ ਕਿ ਉਹ ਜਾਣਦੇ ਹਨ ਕਿ ਅਜਿਹੇ ਆਗੂਆਂ ਦੀ ਆਵਾਜ਼ ਨੂੰ ਉਹ ਦਬਾਉਣ ਦੀ ਕੋਸ਼ਿਸ਼ ਨਹੀਂ ਕਰੇਗਾ।

ਉਨ੍ਹਾਂ ਆਖਿਆ ਕਿ ਇੱਕ ਮੁੱਦੇ ਲਈ ਕਈ ਤਰ੍ਹਾਂ ਦੇ ਪਰੀਪੇਖ ਸਾਹਮਣੇ ਆਉਂਦੇ ਹਨ। ਉਨ੍ਹਾਂ ਦੀ ਸਰਕਾਰ ਦੀ ਹਮੇਸ਼ਾਂ ਇਹੋ ਕੋਸ਼ਿਸ਼ ਰਹੀ ਹੈ ਕਿ ਉਹ ਵੱਖ ਵੱਖ ਲੋਕਾਂ ਦੇ ਵਿਚਾਰਾਂ ਨੂੰ ਸੁਣਨ ਤੇ ਬਿਹਤਰ ਢੰਗ ਨਾਲ ਸਾਰਿਆਂ ਦੇ ਭਲੇ ਲਈ ਕੰਮ ਕਰਨ। ਜਾਰਜ ਨੇ ਪ੍ਰਧਾਨ ਮੰਤਰੀ ਨੂੰ ਉਸ ਦੀ ਕਮਿਊਨਿਟੀ ਦੇ ਲੋਕਾਂ ਨਾਲ ਮੁਲਾਕਾਤ ਕਰਨ ਲਈ ਵੀ ਆਖਿਆ। ਉਸ ਨੇ ਦੋਸ਼ ਲਾਇਆ ਕਿ ਟਰੂਡੋ ਸਿਰਫ ਉਨ੍ਹਾਂ ਗਰੁੱਪਜ਼ ਨਾਲ ਹੀ ਮੁਲਾਕਾਤ ਕਰਦੇ ਹਨ ਜਿਹੜੇ ਅਜਿਹੇ ਪ੍ਰੋਜੈਕਟਾਂ ਉੱਤੇ ਸਹੀ ਪਾਉਣੀ ਚਾਹੁੰਦੇ ਹਨ।

ਇਸ ਉੱਤੇ ਟਰੂਡੋ ਨੇ ਆਖਿਆ ਕਿ ਜੇ ਜਾਰਜ ਉਨ੍ਹਾਂ ਦੀ ਗੱਲ ਸੁਣਨੀ ਚਾਹੁੰਦਾ ਹੈ ਤਾਂ ਉੱਥੇ ਰਹਿ ਸਕਦਾ ਹੈ। ਪਰ ਬਾਅਦ ਵਿੱਚ ਉਸ ਨੂੰ ਵੈਨਕੂਵਰ ਡਾਊਨਟਾਊਨ ਦੇ ਓਪਸ ਹੋਟਲ ਦੇ ਮੈਨੇਜਰ ਤੇ ਆਰਸੀਐਮਪੀ ਅਧਿਕਾਰੀ ਵੱਲੋਂ ਬਾਹਰ ਕੱਢ ਦਿੱਤਾ ਗਿਆ। ਇਸ ਤੋਂ ਬਾਅਦ ਹੋਟਲ ਦੇ ਬਾਹਰ ਦਰਜਨਾਂ ਮੁਜ਼ਾਹਰਾਕਾਰੀ ਇੱਕਠੇ ਹੋ ਗਏ ਤੇ ਉਨ੍ਹਾਂ ਪਾਈਪਲਾਈਨ ਦੇ ਵਿਰੋਧ ਵਿੱਚ ਗਾਉਣਾ ਤੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ।

## ਨਜ਼ਰਬੰਦ ਕੈਨੇਡੀਅਨਾਂ ਦੀ ਰਿਹਾਈ ਲਈ ਕੈਨੇਡਾ ਦੀ ਕੋਈ ਗੱਲ ਨਹੀਂ ਸੁਣਨਗੇ ਚੀਨੀ ਰਾਸ਼ਟਰਪਤੀ: ਜੈਕੁਅਸ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਚੀਨੀ ਅਧਿਕਾਰੀਆਂ ਨੇ ਰਸਮੀ ਤੌਰ ਉੱਤੇ ਦੋ ਕੈਨੇਡੀਅਨਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ। ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਦਸੰਬਰ 2018 ਵਿੱਚ ਚੀਨ ਦੇ ਗੁਪਤ ਦਸਤਾਵੇਜ਼ ਚੋਰੀ ਕਰਨ ਦੇ ਦੋਸ਼ ਵਿੱਚ ਨਜ਼ਰਬੰਦ ਕੀਤਾ ਗਿਆ ਸੀ। ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਚੀਨ ਦੀ ਹੁਆਵੇਈ ਕੰਪਨੀ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਨਜ਼ਰਬੰਦ ਕੀਤਾ ਗਿਆ ਸੀ।

ਜੈਕੁਅਸ ਨੇ ਇਹ ਵੀ ਆਖਿਆ ਕਿ ਜੀ ਤਾਂ ਜੂਨ ਵਿੱਚ ਜਾਪਾਨ ਵਿੱਚ ਹੋਣ ਜਾ ਰਹੀ ਜੀ-20 ਮੁਲਕਾਂ ਦੀ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਕਰਨ ਤੋਂ ਵੀ ਇਨਕਾਰ ਕਰ ਸਕਦੇ ਹਨ। ਪਰ ਹੁਣ ਤੱਕ ਚੀਨੀ ਅਧਿਕਾਰੀ ਇਹ ਸਪਸ਼ਟ ਕਰ ਚੁੱਕੇ ਹਨ ਕਿ ਮੈਂਗ ਦੀ ਰਿਹਾਈ ਦੇ ਵਾਅਦੇ ਤੋਂ ਘੱਟ ਉਹ ਕਿਸੇ ਹੋਰ ਤਰੀਕੇ ਨਾਲ ਨਹੀਂ ਮੰਨਣਗੇ।

## ਪੁਲਸ ਅਫਸਰਾਂ ਵਿਰੁਧ ਹੇਠਲੀ ਕੋਰਟ ਦਾ ਰਿਕਾਰਡ ਹਾਈ ਕੋਰਟ ਨੇ ਮੰਗ ਲਿਆ

ਚੰਡੀਗੜ੍ਹ, 22 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਜਾਂਚ ਵਾਸਤੇ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਸ਼ਾਮਲ ਪੰਜਾਬ ਪੁਲਸ ਦੇ ਤਿੰਨ ਅਧਿਕਾਰੀਆਂ ਐੱਸ ਪੀ ਬਿਕਰਮਜੀਤ ਸਿੰਘ, ਸਬ ਇੰਸਪੈਕਟਰ ਅਮਰਜੀਤ ਸਿੰਘ ਕਲਾਰ ਤੇ ਪ੍ਰਦੀਪ ਸਿੰਘ ਦੀ ਅੰਤ੍ਰਿਮ ਜ਼ਮਾਨਤ ਦੀ ਰਾਹਤ ਨੂੰ 28 ਮਈ ਤੱਕ ਵਧਾਉਂਦੇ ਹੋਏ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਨ੍ਹਾਂ ਦੇ ਖਿਲਾਫ ਕੇਸ ਦਾ ਰਿਕਾਰਡ ਅਦਾਲਤ ਵਿੱਚ ਤਲਬ ਕਰ ਲਿਆ ਹੈ।

## ਰੂਬੀ ਸਹੋਤਾ ਦੇ 'ਯੂਥ ਕਰੀਅਰ ਐਂਡ ਜੌਬ ਫ਼ੇਅਰ' ’ਚ ਸੈਂਕੜੇ ਵਿਦਿਆਰਥੀਆਂ ਨੇ ਕੀਤੀ ਸ਼ਿਰਕਤ




ਬਰੈਂਪਟਨ, - ਬੀਤੇ ਹਫ਼ਤੇ ਬਰੈਂਪਟਨ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਵੱਲੋਂ ਸਥਾਨਕ ਰੋਜ਼ਗਾਰ-ਦਾਤਿਆਂ ਨੂੰ 15 ਤੋਂ 30 ਸਾਲਾਂ ਵਿਚਲੀ ਉਮਰ ਦੇ ਨੌਜੁਆਨ ਲੜਕੇ ਤੇ ਲੜਕੀਆਂ ਜੋ ਇਨ੍ਹਾਂ ਗਰਮੀਆਂ ਵਿਚ ਪਾਰਟ- ਟਾਈਮ ਜਾਂ ਪੂਰੇ ਸਮੇਂ ਦੇ ਰੋਜ਼ਗਾਰ ਦੇ ਮੌਕਿਆਂ ਦੀ ਭਾਲ ਵਿਚ ਹਨ, ਨਾਲ ਜੋੜਨ ਲਈ 'ਯੂਥ ਕਰੀਅਰ ਐਂਡ ਜੌਬ ਫ਼ੇਅਰ' ਦੀ ਮੇਜ਼ਬਾਨੀ ਕੀਤੀ ਗਈ। ਇਸ ਮੌਕੇ ਬੋਲਦਿਆਂ ਰੂਬੀ ਸਹੋਤਾ ਨੇ ਕਿਹਾ,"ਨੌਜੁਆਨ ਕੈਨੇਡਾ-ਵਾਸੀਆਂ ਨੂੰ ਨੌਕਰੀਆਂ ਲੱਭਣ ਲਈ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਲਈ ਪਹਿਲੀ ਨੌਕਰੀ ਲੱਭਣੀ ਤਾਂ ਹੋਰ ਵੀ ਕਠਨ ਹੈ।" ਉਨ੍ਹਾਂ ਕਿਹਾ,"ਮੈਂ ਅਜਿਹਾ ਅਕਸਰ ਹੀ ਘਰਾਂ ਵਿਚ ਮਾਪਿਆਂ ਦੇ ਮੂੰਹੋਂ, ਯੂਥ ਕੌਂਸਲ ਦੀਆਂ ਮੀਟਿੰਗਾਂ ਦੌਰਾਨ ਨੌਜਵਾਨਾਂ ਕੋਲੋਂ ਅਤੇ ਆਪਣੀ ਕਮਿਊਨਿਟੀ ਵਿਚ ਰੋਜ਼ਗਾਰ ਦੇਣ ਵਲਿਆਂ ਕੋਲੋਂ ਵੀ ਸੁਣਦੀ ਹਾਂ।" ਫ਼ੈਡਰਲ ਲਿਬਰਲ ਸਰਕਾਰ ਨੇ ਪੋਸ-ਸੈਕੰਡਰੀ ਸਿੱਖਿਆ ਵਧੇਰੇ ਯਥਾਯੋਗ ਬਣਾ ਦਿੱਤੀ ਹੈ। ਉਸ ਨੇ ਕੰਮਾਂ ਨਾਲ ਸਬੰਧਿਤ ਸਿੱਖਿਅਤ ਪ੍ਰੋਗਰਾਮਾਂ ਵਿਚ ਕਾਫ਼ੀ ਪੂੰਜੀ-ਨਿਵੇਸ਼ ਕੀਤਾ ਹੈ, ਵਿਦਿਆਰਥੀਆਂ ਲਈ ਨਵੀਆਂ ਵਰਕ- ਪਲੇਸਮੈਂਟਸ ਪੈਦਾ ਕੀਤੀਆਂ ਹਨ ਅਤੇ ਕੈਨੇਡਾ ਦੇ 'ਸੱਮਰ ਜੌਬਜ਼ ਪ੍ਰੋਗਰਾਮ' ਲਈ ਪੂੰਜੀ-ਨਿਵੇਸ਼ ਦੁੱਗਣਾ ਕਰ ਦਿੱਤਾ ਹੈ ਜਿਸ ਨਾਲ ਬਰੈਂਪਟਨ ਨੌਰਥ ਵਿਚ 200 ਤੋਂ ਵਧੇਰੇ ਸੱਮਰ ਜੌਬਜ਼ ਪੈਦਾ ਹੋਈਆਂ ਹਨ ਅਤੇ ਇਹ ਸਿਲਸਿਲਾ ਅੱਗੋਂ ਲਈ ਵੀ ਗਰਮੀਆਂ ਵਿਚ ਜਾਰੀ ਰਹੇਗਾ।

ਇਸ ਮੌਕੇ ਉਨ੍ਹਾਂ ਦਾ ਇਹ ਵੀ ਕਹਿਣਾ ਸੀ,"ਇਸ ਜੌਬ ਫ਼ੇਅਰ ਦੀ ਸਫ਼ਲਤਾ ਲਿਬਰਲ ਸਰਕਾਰ ਵੱਲੋਂ ਦੇਸ਼ ਦੇ ਅਰਥਚਾਰੇ ਨੂੰ ਹੋਰ ਅੱਗੇ ਵਧਾਉਣ, ਨਵੀਆਂ ਨੌਕਰੀਆਂ ਪੈਦਾ ਕਰਨ, ਇਤਿਹਾਸਕ ਪੱਧਰ ਤੀਕ ਬੇਰੋਜ਼ਗਾਰੀ ਨੂੰ ਘਟਾਉਣ ਅਤੇ ਅਗਲੀ ਪੀੜ੍ਹੀ ਲਈ ਨਿਵੇਸ਼ ਕਰਨ ਲਈ ਦਰਪਣ ਦਾ ਕੰਮ ਕਰਦੀ ਹੈ। ਰੋਜ਼ਗਾਰ ਦੇਣ ਵਾਲਿਆਂ ਅਤੇ ਇਸ ਜੌਬ ਫ਼ੇਅਰ ਵਿਚ ਸ਼ਾਮਲ ਹੋਣ ਵਾਲੇ ਨੌਜੁਆਨਾਂ ਵੱਲੋਂ ਮਿਲਿਆ 'ਫ਼ੀਡਬੈਕ' ਬੇਹੱਦ ਹਾਂ-ਪੱਖੀ ਹੈ। ਮੈਂ ਆਉਂਦੇ ਮਹੀਨਿਆਂ ਵਿਚ ਵੀ ਅਜਿਹੇ ਕਮਿਊਨਿਟੀ ਈਵੈਂਟਸ ਦਾ ਆਯੋਜਨ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੀ।"

## ਦਸਤਾਰਧਾਰੀ ਸਿੱਖ ਨੂੰ ਹੋਟਲ ਦੇ ਅੰਦਰ ਦਾਖਲ ਨਹੀਂ ਦਿੱਤਾ, ਸਿੱਖ ਭਾਈਚਾਰੇ ’ਚ ਰੋਸ



ਕੈਲੀਫੋਰਨੀਆ(ਹੁਸਨ ਲੜੋਆ ਬੰਗਾ)—ਇਕ ਦਸਤਾਰਧਾਰੀ ਸਿੱਖ ਨੂੰ ਬਾਰ ਦੇ ਅੰਦਰ ਦਾਖਲ ਨਹੀਂ ਹੋਣ ਦਿੱਤਾ ਗਿਆ ਤੇ ਉਸ ਨੂੰ ਬਾਹਰੋਂ ਹੀ ਮੋੜ ਦਿੱਤਾ ਗਿਆ। ਗੁਰਵਿੰਦਰ ਗਰੇਵਾਲ ਨੇ ਦਸਿਆ ਕਿ ਪੋਰਟ ਜੈਫਰਸਨ ਵਿਚ ਹਾਰਬੋਰ ਗਰਿਲ ਵਿਖੇ ਉਸ ਨਾਲ ਇਹ ਘਟਨਾ ਵਾਪਰੀ। ਗਰੇਵਾਲ ਅਨੁਸਾਰ ਉਹ ਪਹਿਲਾਂ ਵੀ ਇਥੇ ਆਉਂਦੇ ਜਾਂਦੇ ਰਹਿੰਦੇ ਸਨ। ਕਦੀ ਵੀ ਕਿਸੇ ਨੇ ਦਸਤਾਰ ਉਪਰ ਇਤਰਾਜ਼ ਨਹੀਂ ਕੀਤਾ ਸੀ ਪਰ ਲੰਘੇ ਸ਼ਨਿਚਰਵਾਰ ਦੀ ਰਾਤ ਜਦ ਉਹ ਆਪਣੇ ਦੋਸਤਾਂ ਨਾਲ ਹਾਰਬੋਰ ਗਰਿਲ ਵਿਖੇ ਗਏ ਤਾਂ ਗੇਟ ਅਗੇ ਤਾਇਨਾਤ ਇਕ ਗਾਰਡ ਤੇ ਮੈਨੇਜਰ ਗਾਹਕਾਂ ਦੇ ਪਛਾਣ ਪੱਤਰ ਵੇਖ ਰਹੇ ਸਨ। ਮੈਨੇਜਰ ਨੇ ਸਾਨੂੰ ਕਿਹਾ ਕਿ ਤੁਸੀਂ ਦਸਤਾਰ ਨਾਲ ਅੰਦਰ ਨਹੀਂ ਜਾ ਸਕਦੇ। ਇਹ ਪਾਬੰਦੀ ਨਵੀਂ ਨੀਤੀ ਤਹਿਤ ਲਈ ਗਈ ਹੈ। ਗਾਰਡ ਨੇ ਮੈਨੇਜਰ ਨੂੰ ਸਮਝਾਉਣ ਦਾ ਯਤਨ ਕਰਦਿਆਂ ਕਿ ਦਸਤਾਰ ਧਾਰਮਿੱਕ ਪਹਿਰਾਵੇ ਦਾ ਹਿੱਸਾ ਹੈ ਪਰੰਤੂ ਮੈਨੇਜਰ ਨਹੀਂ ਮੰਨਿਆ। ਉਸ ਦਾ ਕਹਿਣਾ ਸੀ ਕਿ ਜੇਕਰ ਸਕਿਉਰਿਟੀ ਕੈਮਰਿਆਂ ਰਾਹੀਂ ਮਾਲਕ ਨੇ ਵੇਖ ਲਿਆ ਤਾਂ ਉਸ ਲਈ ਮੁਸ਼ਕਿਲ ਖੜੀ ਹੋ ਜਾਵੇਗੀ। ਇਸ ਘਟਨਾ ਨੂੰ ਲੈ ਕੇ ਸਿੱਖ ਭਾਈਚਾਰੇ ਵਿਚ ਰੋਸ ਹੈ। ਹੋਟਲ ਵੱਲੋਂ ਕੀਤੇ ਗਏ ਭਿੰਨਭੇਦ ਦੀ ਅਲੋਚਨਾ ਕੀਤੀ ਜਾ ਰਹੀ ਹੈ ਪਰ ਦੂਸਰੇ ਪਾਸੇ ਹੋਟਲ ਮਾਲਕ ਦਾ ਕਹਿਣਾ ਹੈ ਕਿ ਹਾਰਬੋਰ ਗਰਿਲ ਸਾਰੀਆਂ ਨਸਲਾਂ ਤੇ ਧਰਮਾਂ ਦਾ ਸਤਿਕਾਰ ਕਰਦਾ ਹੈ ਤੇ ਅਸੀਂ ਨਸਲ, ਰੰਗ ਜਾਂ ਧਰਮ ਦੇ ਆਧਾਰ ਉਪਰ ਕਿਸੇ ਨਾਲ ਵੀ ਭਿੰਨਭੇਦ ਨਹੀਂ ਕਰਦੇ। ਜੇਕਰ ਕਿਸੇ ਨੂੰ ਦੁੱਖ ਪੁੱਜਾ ਹੈ ਤਾਂ ਉਹ ਉਸ ਲਈ ਦਿਲੋਂ ਮੁਆਫੀ ਮੰਗਦੇ ਹਨ। ਉਸ ਦਾ ਕਹਿਣਾ ਹੈ ਕਿ ਵੀਕਐਂਡ 'ਤੇ ਗਾਹਕਾਂ ਦੀ ਸੁਰੱਖਿਆ ਦੇ ਮੱਦੇਨਜਰ ਡਰੈਸ ਕੋਡ ਲਾਗੂ ਕੀਤਾ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


















# ਭਾਰਤ ਵਿੱਚ ਖ਼ੂਨਦਾਨ ਅਤੇ ਅੰਗਦਾਨ ਪ੍ਰਤੀ ਉਦਾਸੀਨਤਾ

-ਅਮਰੀਸ਼ ਸਰਕਾਂਗੋ



ਲਗਭਗ 132 ਕਰੋੜ ਲੋਕਾਂ ਦੀ ਆਬਾਦੀ ਵਾਲੇ ਭਾਰਤ ਵਿੱਚ ਹਰ ਸਾਲ ਲੱਖਾਂ ਮੌਤਾਂ ਸਮੇਂ ਸਿਰ ਖ਼ੂਨ ਨਾ ਮਿਲਣ ਜਾਂ ਬਦਲੇ ਜਾਣ ਲਈ ਮਨੁੱਖੀ ਅੰਗ ਨਾ ਮਿਲਣ ਕਰ ਕੇ ਹੁੰਦੀਆਂ ਹਨ। ਦੇਸ਼ ਵਿੱਚ ਹਰ ਸਾਲ ਲਗਭਗ 1.5 ਲੱਖ ਲੋਕ ਵੱਖ-ਵੱਖ ਹਾਦਸਿਆਂ ਵਿੱਚ ਮਾਰੇ ਜਾਂਦੇ ਹਨ ਅਤੇ ਅਜਿਹੇ ਲੋਕਾਂ ਵਿੱਚ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਦੇ ਕਈ ਅੰਗ ਬਿਲਕੁਲ ਠੀਕ ਕੰਮ ਕਰ ਰਹੇ ਹੁੰਦੇ ਹਨ ਅਤੇ ਟਰਾਂਸਪਲਾਂਟ ਕੀਤੇ ਜਾ ਸਕਦੇ ਹਨ।

ਬੀਮਾਰੀ ਤੋਂ ਇਲਾਵਾ ਜੋ ਮੌਤਾਂ ਹਰ ਸਾਲ ਹੁੰਦੀਆਂ ਹਨ, ਉਨ੍ਹਾਂ 'ਚੋਂ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਹੁੰਦੇ ਹਨ, ਜਿਨ੍ਹਾਂ ਦੇ ਕਈ ਅੰਗ ਟਰਾਂਸਪਲਾਂਟ ਕਰਨ ਯੋਗ ਹੁੰਦੇ ਹਨ, ਪਰ ਸਾਡੇ ਦੇਸ਼ ਵਿੱਚ ਕਿਸੇ ਦੀ ਮੌਤ ਤੋਂ ਬਾਅਦ ਉਸ ਦੇ ਅੰਗ ਦਾਨ ਕਰਨ ਦਾ ਅੰਕੜਾ ਕਾਫੀ ਘੱਟ ਹੈ। ਪੜ੍ਹੇ-ਲਿਖੇ ਲੋਕਾਂ ਵਿੱਚ ਮੌਤ ਤੋਂ ਬਾਅਦ ਰਿਸ਼ਤੇਦਾਰਾਂ ਦੇ ਅੰਗ ਦਾਨ ਕਰਨ ਪ੍ਰਤੀ ਝਿਜਕ ਦੇਖਣ ਨੂੰ ਮਿਲਦੀ ਹੈ। ਫਿਰ ਘੱਟ ਪੜ੍ਹੇ ਲਿਖੇ ਲੋਕਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ।

ਭਾਰਤ ਵਿੱਚ ਲਗਭਗ ਅੱਸੀ ਲੱਖ ਲੋਕ ਕਾਰਨੀਅਲ ਅੰਨ੍ਹੇਪਣ ਨਾਲ ਪੀੜਤ ਹਨ, ਜਿਨ੍ਹਾਂ ਦੀਆਂ ਅੱਖਾਂ ਦੀ ਰੋਸ਼ਨੀ ਕਾਰਨੀਆ ਟਰਾਂਸਪਲਾਂਟ ਕਰਨ ਨਾਲ ਵਾਪਸ ਆ ਸਕਦੀ ਹੈ। ਦੇਸ਼ ਵਿੱਚ ਹਰ ਸਾਲ ਲਗਭਗ ਇੱਕ ਕਰੋੜ ਲੋਕਾਂ ਦੀ ਕਿਸੇ ਨਾ ਕਿਸੇ ਵਜ੍ਹਾ ਕਰ ਕੇ ਮੌਤ ਹੋ ਜਾਂਦੀ ਹੈ ਤੇ ਇਨ੍ਹਾਂ 'ਚੋਂ ਲੱਖਾਂ ਲੋਕ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀਆਂ ਅੱਖਾਂ ਮੌਤ ਸਮੇਂ ਪੂਰੀ ਤਰ੍ਹਾਂ ਟਰਾਂਸਪਲਾਂਟ ਦੇ ਕਾਬਿਲ ਹੁੰਦੀਆਂ ਹਨ। ਤਾਜ਼ਾ ਤਕਨੀਕ ਨਾਲ ਇੱਕ ਕਾਰਨੀਆ ਦੇ ਨਾਲ ਇੱਕ ਤੋਂ ਵੱਧ ਅੱਖਾਂ ਦੀ ਰੋਸ਼ਨੀ ਲਿਆਂਦੀ ਜਾ ਸਕਦੀ ਹੈ। ਅੰਕੜਿਆਂ ਦੇ ਹਿਸਾਬ ਨਾਲ ਕਾਰਨੀਅਲ ਅੰਨ੍ਹੇਪਣ ਦੇ ਮਾਮਲੇ ਹਰ ਸਾਲ ਘਟਣੇ ਚਾਹੀਦੇ ਹਨ, ਪਰ ਜਾਗਰੂਕਤਾ ਦੀ ਘਾਟ ਕਾਰਨ ਇਹ ਵਧਦੇ ਜਾ ਰਹੇ ਹਨ।

ਇਸੇ ਤਰ੍ਹਾਂ ਹਰ ਸਾਲ ਭਾਰਤ ਵਿੱਚ ਲਗਭਗ 60000 ਲੋਕਾਂ ਨੂੰ ਲਿਵਰ ਟਰਾਂਸਪਲਾਂਟ ਦੀ ਲੋੜ ਵੀ ਹੁੰਦੀ ਹੈ, ਜੋ ਜ਼ਿੰਦਾ ਇਨਸਾਨ ਦੇ ਲਿਵਰ ਦੇ ਹਿੱਸੇ ਨਾਲ ਪੂਰੀ ਹੋ ਸਕਦੀ ਹੈ, ਪਰ ਲਗਭਗ 1500 ਲਿਵਰ ਹੀ ਟਰਾਂਸਪਲਾਂਟ ਹੁੰਦੇ ਹਨ। ਲਗਭਗ ਦੋ ਲੱਖ ਲੋਕਾਂ ਨੂੰ ਕਿਡਨੀ ਟਰਾਂਸਪਲਾਂਟ ਦੀ ਲੋੜ ਹੁੰਦੀ ਹੈ, ਪਰ ਸਿਰਫ 5000 ਦੀ ਕਿਡਨੀ ਟਰਾਂਸਪਲਾਂਟ ਹੁੰਦੀ ਹੈ। ਇਸੇ ਤਰ੍ਹਾਂ ਹਰ ਸਾਲ ਲਗਭਗ 5000 ਲੋਕਾਂ ਨੂੰ ਦਿਲ ਟਰਾਂਸਪਲਾਂਟ ਕਰਨ ਦੀ ਲੋੜ ਹੁੰਦੀ ਹੈ, ਅਸਲ ਵਿੱਚ ਸਿਰਫ 100 ਕੁ ਦਿਲ ਹੀ ਟਰਾਂਸਪਲਾਂਟ ਹੁੰਦੇ ਹਨ। ਮਨੁੱਖੀ ਅੰਗ ਟਰਾਂਸਪਲਾਂਟ ਕਰਨ ਲਈ ਪੂਰੇ ਦੇਸ਼ ਵਿੱਚ ਚੰਗੀਆਂ ਬੁਨਿਆਦੀ ਸਹੂਲਤਾਂ ਵਾਲੇ ਹਸਪਤਾਲਾਂ ਦੀ ਘਾਟ ਹੈ। ਸਰਕਾਰ ਵੱਲੋਂ ਵੀ ਇਸ ਖੇਤਰ ਵਿੱਚ ਖਾਸ ਪਹਿਲ ਨਹੀਂ ਹੋਈ। ਇੱਕ ਵਿਅਕਤੀ ਦਾ ਬ੍ਰੇਨ ਡੈਡ ਹੋਣ ਉੱਤੇ ਅਤੇ ਅੰਗ ਟਰਾਂਸਪਲਾਂਟ ਲਈ ਮਰੀਜ਼ ਦੇ ਦੂਜੇ ਹਸਪਤਾਲ ਜਾਂ ਸ਼ਹਿਰ ਵਿੱਚ ਹੋਣ ਉੱਤੇ ਸਿਰਫ ਚਾਰ-ਪੰਜ ਘੰਟਿਆਂ ਅੰਦਰ ਅੰਗ ਟਰਾਂਸਪਲਾਂਟ ਕਰਨਾ ਹੁੰਦਾ ਹੈ। ਇਸ ਲਈ ਅਜਿਹੇ ਸਮੇਂ 'ਤੇ 'ਗ੍ਰੀਨ ਕੋਰੀਡੋਰ' ਭਾਵ ਸਾਰਾ ਟਰੈਫਿਕ ਰੋਕ ਕੇ ਅੰਗ ਲਿਜਾਣ ਵਾਲੀ ਐਂਬੂਲੈਂਸ ਨੂੰ ਜਗ੍ਹਾ ਦੇਣ ਦਾ ਕਾਨੂੰਨ ਬੇਹੱਦ ਜ਼ਰੂਰੀ ਹੈ। ਹਰੇਕ ਸ਼ਹਿਰ ਵਿੱਚ ਸਰਕਾਰ ਵੱਲੋਂ ਚੰਗੇ ਹਸਪਤਾਲਾਂ ਦਾ ਨਿਰੀਖਣ ਕਰ ਕੇ ਉਨ੍ਹਾਂ ਨੂੰ ਅੰਗ ਟਰਾਂਸਪਲਾਂਟ ਦੇ ਲਾਇਸੈਂਸ ਦੇਣ ਦੀ ਪ੍ਰਕਿਰਿਆ ਸਰਲ ਬਣਾਉਣੀ ਪਵੇਗੀ, ਛੋਟੀਆਂ ਥਾਵਾਂ 'ਤੇ ਸਰਕਾਰੀ ਹਸਪਤਾਲਾਂ ਵਿੱਚ ਲੋੜ ਪੈਣ 'ਤੇ ਅੰਗ ਟਰਾਂਸਪਲਾਂਟ ਲਈ ਜ਼ਰੂਰੀ ਬੁਨਿਆਦੀ ਢਾਂਚਾ ਤਿਆਰ ਕਰਨਾ ਪਵੇਗਾ। ਗੰਭੀਰ ਬੀਮਾਰ ਮਰੀਜ਼ ਦੇ ਪਰਵਾਰ ਵਾਲੇ ਅੰਗ ਦਾਨ ਤੋਂ ਇਸ ਲਈ ਡਰਦੇ ਹਨ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਪਿੱਛੋਂ ਹਸਪਤਾਲ ਵਾਲੇ ਮਰੀਜ਼ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਨਹੀਂ ਕਰਨਗੇ। ਏਸੇ ਲਈ ਹਰ ਸ਼ਹਿਰ ਵਿੱਚ ਅਜਿਹੇ ਆਜ਼ਾਦ ਮਾਹਰ ਚਾਹੀਦੇ ਹਨ, ਜੋ ਹਸਪਤਾਲ ਵੱਲੋਂ ਸੰਪਰਕ ਕਰਨ 'ਤੇ ਤੁਰੰਤ ਪਹੁੰਚ ਕੇ ਮਰੀਜ਼ ਨੂੰ ਸਮੇਂ ਸਿਰ 'ਬ੍ਰੇਨ ਡੈਡ' ਐਲਾਨ ਸਕਣ ਅਤੇ ਮ੍ਰਿਤ ਵਿਅਕਤੀ ਦੇ ਅੰਗ ਦਾਨ ਕਰਨ ਲਈ ਰਿਸ਼ਤੇਦਾਰਾਂ ਦੇ ਰਾਜ਼ੀ ਹੋਣ 'ਤੇ ਸਰਕਾਰ ਨੂੰ ਉਨ੍ਹਾਂ ਦੇ ਹਸਪਤਾਲ ਦੇ ਮੈਡੀਕਲ ਖਰਚੇ ਦੇ ਬਿੱਲ ਵਿੱਚ ਛੋਟ ਜਾਂ ਪੂਰੀ ਰਕਮ ਉਤਸ਼ਾਹ ਵਜੋਂ ਦੇਣ 'ਤੇ ਵੀ ਵਿਚਾਰ ਕਰਨਾ ਹੋਵੇਗਾ।

ਕਈ ਦੇਸ਼ਾਂ ਵਿੱਚ ਅੰਗ ਪ੍ਰਾਪਤ ਕਰਨ ਵਾਲਾ ਹੀ ਅੰਗ ਦਾਨ ਕਰਨ ਵਾਲੇ ਦਾ ਸਾਰਾ ਮੈਡੀਕਲ ਖਰਚਾ ਚੁੱਕਦਾ ਹੈ। ਕਈ ਦੇਸ਼ਾਂ ਵਿੱਚ ਇੱਕ ਵਾਰ ਅੰਗ ਸ਼ਹਿਰ 'ਚੋਂ ਬਾਹਰ ਕੱਢਣ ਪਿੱਛੋਂ ਉਹ ਜਨਤਕ ਜਾਇਦਾਦ ਬਣ ਜਾਂਦਾ ਹੈ ਤੇ ਉਸ ਦੇਸ਼ ਦੀ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਸ ਨੂੰ ਬਿਨਾਂ ਦੇਰੀ ਲੋੜਵੰਦ ਤੱਕ ਪੁਚਾਇਆ ਜਾਵੇ। ਇਸਰਾਈਲ, ਸਿੰਗਾਪੁਰ ਤੇ ਚਿੱਲੀ ਵਰਗੇ ਦੇਸ਼ਾਂ (ਜਿੱਥੇ ਆਬਾਦੀ ਘੱਟ ਹੈ) ਅੰਗ ਦਾਨੀਆਂ ਦੀ ਗਿਣਤੀ ਹੋਰ ਵੀ ਘੱਟ ਹੈ, ਪਰ ਉਥੇ ਸਰਕਾਰਾਂ ਨੇ ਅੰਗ ਦਾਨ ਨੂੰ ਉਤਸ਼ਾਹਤ ਕਰਨ ਲਈ ਨੀਤੀਆਂ ਬਣਾਈਆਂ ਹੋਈਆਂ ਹਨ। ਇਸਰਾਈਲ ਦੀ ਪਾਰਲੀਮੈਂਟ ਨੇ 2008 ਵਿੱਚ ਅੰਗ ਟਰਾਂਸਪਲਾਂਟ ਕਾਨੂੰਨ ਪਾਸ ਕੀਤਾ ਸੀ, ਜਿਸ ਦੇ ਤਹਿਤ ਜ਼ਿੰਦਾ ਅੰਗ ਦਾਨੀ ਨੂੰ ਪੰਜ ਸਾਲਾਂ ਤੱਕ ਵਿੱਤੀ ਸਹਾਇਤਾ ਦੇਣ ਦੀ ਵਿਵਸਥਾ ਹੈ। ਇਸ ਨਾਲ ਮਿਲਦੇ ਜੁਲਦੇ ਨਿਯਮ ਸਿੰਗਾਪੁਰ, ਆਸਟਰੇਲੀਆ, ਈਰਾਨ, ਕੈਨੇਡਾ, ਨਿਊਜ਼ੀਲੈਂਡ, ਆਇਰਲੈਂਡ ਅਤੇ ਸਾਊਦੀ ਅਰਬ ਵਿੱਚ ਵੀ ਹਨ।

ਇਸਰਾਈਲ ਅਤੇ ਸਿੰਗਾਪੁਰ ਵਿੱਚ ਜੇ ਕੋਈ ਨਾਗਰਿਕ ਜਾਂ ਉਸ ਦੇ ਪਰਵਾਰ ਵਾਲੇ ਲਿਖਤੀ ਤੌਰ ਉੱਤੇ ਮੌਤ ਤੋਂ ਬਾਅਦ ਅੰਗ ਦਾਨ ਕਰਨ ਦਾ ਸੰਕਲਪ ਲੈਂਦੇ ਹਨ, ਤਾਂ ਉਹ ਲੋੜ ਪੈਣ 'ਤੇ ਅੰਗ ਪ੍ਰਾਪਤ ਕਰਨ ਵਾਲੇ ਲਈ ਤਰਜੀਹੀ ਸੂਚੀ ਵਿੱਚ ਹੋਣਗੇ। ਇਸ ਨੀਤੀ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਅੰਗਦਾਨ ਦੀ ਦਰ ਵਧੀ ਹੈ। ਈਰਾਨ ਵਿੱਚ ਇੱਕ ਸਮਾਜਕ ਸੰਸਥਾ ਹੈ 'ਡਾਟਪਾ' (ਡਾਇਲਿਸਿਸ ਐਂਡ ਟਰਾਂਸਪਲਾਂਟ ਪੇਸ਼ੈਂਟਸ ਐਸੋਸੀਏਸ਼ਨ) ਜੋ ਦੇਸ਼ ਦੇ ਕਾਨੂੰਨ ਤਹਿਤ ਕੰਮ ਕਰਦੀ ਹੈ। ਇਹ ਸੰਸਥਾ ਉਨ੍ਹਾਂ ਲੋਕਾਂ ਲਈ ਅੰਗਦਾਨੀ ਲੱਭਦੀ ਹੈ, ਜਿਨ੍ਹਾਂ ਨੂੰ ਕਿਤੋਂ ਵੀ ਅੰਗ ਮਿਲਣ ਦੀ ਆਸ ਨਹੀਂ ਹੁੰਦੀ। ਈਰਾਨ ਸਰਕਾਰ ਲੋੜਵੰਦਾਂ ਨੂੰ ਅੰਗ ਦਾਨ ਕਰਨ ਵਾਲਿਆਂ ਨੂੰ 1200 ਡਾਲਰ ਤੇ ਇੱਕ ਸਾਲ ਲਈ ਸਿਹਤ ਬੀਮੇ ਦਾ ਲਾਭ ਦਿੰਦੀ ਹੈ। ਅੰਗ ਪ੍ਰਾਪਤ ਕਰਨ ਵਾਲਾ ਵੀ ਆਪਣੇ ਵੱਲੋਂ ਅੰਗ ਦਾਨੀ ਨੂੰ 2300 ਤੋਂ 4500 ਡਾਲਰ ਤੱਕ ਦਿੰਦਾ ਹੈ।

ਭਾਰਤ ਵਿੱਚ ਅੰਗਦਾਨ ਨਾਲ ਲੋਕਾਂ ਦੀ ਜ਼ਿੰਦਗੀ ਬਚਾਉਣ ਬਾਰੇ ਵੱਡੀ ਪਹਿਲ ਕਰਨ ਲਈ ਟਰਾਂਸਪਲਾਂਟ ਵਾਸਤੇ ਮਰੀਜ਼ਾਂ ਦੀ ਰਜਿਸਟਰੇਸ਼ਨ ਅਤੇ ਡਾਟਾਬੇਸ ਤਿਆਰ ਕਰਨਾ ਪਵੇਗਾ ਤੇ ਸਾਰੇ ਦੇਸ਼ ਦੇ ਪ੍ਰਮੁੱਖ ਹਸਪਤਾਲਾਂ ਨੂੰ ਆਪਸ ਵਿੱਚ ਨੈੱਟਵਰਕ ਰਾਹੀਂ ਜੋੜਨਾ ਪਵੇਗਾ ਤਾਂ ਕਿ ਦਾਨੀ ਅਤੇ ਪ੍ਰਾਪਤ ਕਰਤਾ ਵਿਚਾਲੇ ਬਿਨਾਂ ਦੇਰੀ ਸੰਪਰਕ ਹੋ ਸਕੇ। ਜਨ-ਜਾਗ੍ਰਿਤੀ ਮੁਹਿੰਮ ਦੇ ਤਹਿਤ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਵੱਡੇ ਪੱਧਰ 'ਤੇ ਖ਼ੂਨਦਾਨ ਅਤੇ ਅੰਗਦਾਨ ਨੂੰ ਉਤਸ਼ਾਹਤ ਕਰਨ ਲਈ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ 'ਤੇ ਮੁਹਿੰਮ ਚਲਾ ਕੇ ਆਮ ਲੋਕਾਂ ਦਾ ਧਿਆਨ ਇਸ ਪਾਸੇ ਖਿੱਚਣਾ ਪਵੇਗਾ। ਨੌਜਵਾਨਾਂ ਨੂੰ ਇਸ ਮੁਹਿੰਮ ਨਾਲ ਜੋੜਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਵੱਡੇ ਸ਼ਹਿਰਾਂ ਵਿੱਚ ਕਈ ਵਾਰ ਦੇਖਣ ਨੂੰ ਮਿਲਿਆ ਹੈ ਕਿ ਕਿਸੇ ਦੀ ਮੌਤ ਤੋਂ ਬਾਅਦ ਉਸ ਦੇ ਪਰਵਾਰ ਵਾਲੇ ਉਸ ਦੀ ਦੇਹ ਅੰਗਦਾਨ ਵਜੋਂ ਦੇਣਾ ਚਾਹੁੰਦੇ ਹਨ, ਪਰ ਸਹੂਲਤਾਂ ਦੀ ਘਾਟ ਕਾਰਨ ਹਸਪਤਾਲਾਂ ਵੱਲੋਂ ਦੇਹ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ। ਹਸਪਤਾਲਾਂ ਨੂੰ ਵੀ ਹਰ ਵੇਲੇ ਤਿਆਰ ਰਹਿਣਾ ਪਵੇਗਾ ਤਾਂ ਕਿ ਜਦੋਂ ਕੋਈ ਬ੍ਰੇਨ ਡੈੱਡ ਮਰੀਜ਼ ਦਾ ਕੇਸ ਹੋਵੇ ਤਾਂ ਉਸ ਦੇ ਅੰਗ ਤੁਰੰਤ ਟਰਾਂਸਪਲਾਂਟ ਹੋਣ ਦੀ ਤਿਆਰੀ ਰੱਖੀ ਜਾਵੇ। ਲੋਕਾਂ ਦੀ ਇਹ ਧਾਰਨਾ ਵੀ ਦੂਰ ਕਰਨੀ ਪਵੇਗੀ ਕਿ ਮ੍ਰਿਤ ਵਿਅਕਤੀ ਦੇ ਅੰਗ ਸਰੀਰ 'ਚੋਂ ਕੱਢਣਾ ਧਰਮ ਅਤੇ ਕੁਦਰਤ ਦੇ ਵਿਰੁੱਧ ਹੈ। ਉਨ੍ਹਾਂ ਨੂੰ ਇਹ ਸਮਝਾਉਣਾ ਪਵੇਗਾ ਕਿ ਖ਼ੂਨਦਾਨ ਅਤੇ ਅੰਗਦਾਨ ਤੋਂ ਵੱਡਾ ਮਨੁੱਖਤਾ 'ਤੇ ਕੋਈ ਹੋਰ ਉਪਕਾਰ ਨਹੀਂ ਹੈ।

# ਨਹੀਂ ਭੁੱਲਦਾ ਮਾਂ ਦਾ ਸੰਘਰਸ਼ਮਈ ਜੀਵਨ

-ਪ੍ਰਿੰਸੀਪਲ ਵਿਜੈ ਕੁਮਾਰ-

ਸੋਝੀ ਸੰਭਾਲਦਿਆਂ ਹੀ ਅਸੀਂ ਛੇ ਭੈਣ ਭਰਾਵਾਂ ਨੇ ਆਪਣੀ ਮਾਂ ਨੂੰ ਗਰੀਬੀ, ਲਾਚਾਰੀ ਅਤੇ ਪਿਤਾ ਜੀ ਦੀ ਬਿਮਾਰੀ ਨਾਲ ਲੜਦਿਆਂ ਵੇਖਿਆ। ਜ਼ਿੰਦਗੀ ਦਾ ਹਰ ਦਿਨ ਮਾਂ ਲਈ ਨਵੀਂ ਚੁਣੌਤੀ ਲੈ ਕੇ ਆਉਂਦਾ ਸੀ। ਮਾਂ ਟਾਕੀਆਂ ਵਾਲੇ ਸੂਟ ਪਾਉਂਦੀ ਸੀ। ਘਰ ਦੇ ਚੋਂਦੇ ਕਮਰੇ, ਛੱਪਰ ਦੀ ਰਸੋਈ, ਪਰਵਾਰ ਦੇ ਅੱਠਾਂ ਜੀਆਂ ਦੇ ਖਰਚੇ ਤੇ ਪਿਤਾ ਜੀ ਦੀ ਬਿਮਾਰੀ ਨੇ ਮਾਂ ਨੂੰ ਛੇਤੀ ਬੁੱਢੀ ਕਰ ਦਿੱਤਾ ਸੀ, ਪਰ ਉਸ ਨੇ ਜੇਰਾ ਨਹੀਂ ਛੱਡਿਆ। ਅੱਜ ਵੀ ਜਦੋਂ ਉਹ ਦਿਨ ਯਾਦ ਆਉਂਦੇ ਹਨ ਤਾਂ ਮੂੰਹ ਵਿੱਚੋਂ ਆਪ ਮੁਹਾਰੇ ਇਹ ਸ਼ਬਦ ਨਿਕਲਦੇ ਹਨ ਕਿ ਅਸੀਂ ਜਨਮ ਜਨਮਾਂਤਰਾਂ ਤੱਕ ਇਸ ਮਾਂ ਦਾ ਕਰਜ਼ਾ ਨਹੀਂ ਲਾਹ ਸਕਦੇ। ਪਰਵਾਰ ਦੇ ਹਾਲਾਤ ਨੇ ਭਰਾਵਾਂ 'ਚੋਂ ਵੱਡਾ ਹੋਣ ਕਰਕੇ ਮੈਨੂੰ ਛੇਤੀ ਵੱਡਾ ਕਰ ਦਿੱਤਾ ਸੀ। ਮਾਂ ਨੇ ਕਦੇ ਹਿੰਮਤ ਨਹੀਂ ਹਾਰੀ। ਇਕ ਦਿਨ ਉਹ ਆ ਗਿਆ, ਜਦੋਂ ਸਾਡੇ ਸਿਰੋਂ ਪਿਤਾ ਜੀ ਦਾ ਸਾਇਆ ਉਠ ਗਿਆ। ਵਿਹੜੇ ਵਿੱਚ ਪਿਤਾ ਦੀ ਲਾਸ਼ ਪਈ ਸੀ। ਰਸੋਈ ਦੇ ਪੀਪੇ ਵਿੱਚ ਦੁਪਹਿਰ ਦੀ ਰੋਟੀ ਪਕਾਉਣ ਜੋਗਾ ਆਟਾ ਨਹੀਂ ਸੀ। ਚਾਰ ਬੋਰੀਆਂ ਕਣਕ ਦੀਆਂ ਨਾਨਾ ਜੀ ਨੇ ਭੇਜੀਆਂ, ਪਰ ਮਾਂ ਨੇ ਇਹ ਕਹਿ ਕੇ ਮੋੜ ਦਿੱਤੀਆਂ ਕਿ ਇਹ ਦਿਨ ਮੇਰੇ ਬੱਚਿਆਂ ਦੇ ਬਣਨ ਅਤੇ ਵਿਗੜਨ ਦੇ ਹਨ। ਜੇ ਇਹ ਮੁਫਤ ਦਾ ਖਾਣਾ ਗਿੱਝ ਗਏ ਤਾਂ ਜ਼ਿੰਦਗੀ ਵਿੱਚ ਮਿਹਨਤ ਕਰਨਾ ਨਹੀਂ ਸਿੱਖਣਗੇ। ਇਕ ਦਿਨ ਭੁੱਖੇ ਰਹਿਣਗੇ, ਦੂਜੇ ਦਿਨ ਆਪਣੇ ਆਪ ਰੋਟੀ ਕਮਾਉਣ ਲੱਗ ਪੈਣਗੇ। ਮੈਨੂੰ ਉਸ ਵੇਲੇ ਮਾਂ ਦੀ ਇਸ ਸੋਚ ਦੀ ਸਮਝ ਨਾ ਲੱਗੀ, ਪਰ ਮੈਂ ਸਮਝਦਾ ਹਾਂ ਕਿ ਜੇ ਮਾਂ ਕਣਕ ਦੀਆਂ ਬੋਰੀਆਂ ਨਾ ਮੋੜਦੀ ਤਾਂ ਮੈਂ ਪ੍ਰਿੰਸੀਪਲ ਨਾ ਹੁੰਦਾ। ਨਾਨਾ ਜੀ ਦੀਆਂ ਬੁਰਕੀਆਂ 'ਤੇ ਪਲਣਾ ਗਿੱਝ ਜਾਂਦਾ। ਹਾਲਾਤ ਨੇ ਮਾਂ ਨੂੰ ਹੋਰ ਦਲੇਰ ਬਣਾ ਦਿੱਤਾ।

ਪਿਤਾ ਜੀ ਦੇ ਕਿਰਿਆ ਕਰਮ ਪਿੱਛੋਂ ਮਾਂ ਨੇ ਸਾਨੂੰ ਸਾਰੇ ਭੈਣ ਭਰਾਵਾਂ ਨੂੰ ਬਿਠਾ ਕੇ ਕਿਹਾ, 'ਬੱਚਿਓ! ਤੁਹਾਡੇ ਸਿਰ 'ਤੇ ਤੁਹਾਡਾ ਪਿਓ ਨਹੀਂ ਰਿਹਾ। ਕੋਈ ਅਜਿਹਾ ਕੰਮ ਨਾ ਕਰਿਓ, ਜਿਸ ਨਾਲ ਇਸ ਘਰ ਦੀ ਮਿੱਟੀ ਪਲੀਤ ਹੋਵੇ।' ਮਾਂ ਦੇ ਇਹ ਸ਼ਬਦ ਸਾਡੇ ਲਈ ਰਾਹ ਦਸੇਰੇ ਬਣ ਗਏ। ਸਾਰੇ ਭੈਣ ਭਰਾਵਾਂ ਵਿੱਚ ਨਾ ਕੋਈ ਔਗੁਣ ਪਿਆ ਤੇ ਨਾ ਸਾਨੂੰ ਘਰ ਦੀ ਇੱਜ਼ਤ ਭੁੱਲੀ। ਮੇਰੇ ਮਾਮਾ ਜੀ ਪਿੰਡ ਦੇ ਸਕੂਲ ਵਿੱਚ ਸਾਇੰਸ ਅਧਿਆਪਕ ਸਨ। ਮੈ ਦਸਵੀਂ ਜਮਾਤ ਪਾਸ ਕਰ ਲਈ ਸੀ। ਇਕ ਦਿਨ ਸ਼ਾਮਾਂ ਵੇਲੇ ਮਾਮਾ ਜੀ ਮਾਂ ਨੂੰ ਆ ਕੇ ਕਹਿਣ ਲੱਗੇ, 'ਭੈਣੇ, ਮੈਂ ਚਾਹੁੰਦਾ ਹਾਂ ਕਿ ਤੁਹਾਡੇ ਵੱਡੇ ਪੁੱਤਰ ਨੂੰ (ਯਾਨੀ ਮੈਨੂੰ) ਪਿੰਡ ਦੇ ਸਕੂਲ ਵਿੱਚ ਚਪੜਾਸੀ ਲੁਆ ਦੇਈਏ। ਮੈਂ ਆਪਣੇ ਮੁੱਖ ਅਧਿਆਪਕ ਨਾਲ ਗੱਲ ਕਰ ਆਇਆ ਹਾਂ। ਕੱਲ੍ਹ ਸਵੇਰੇ ਇਸ ਦੀ ਸਕੂਲ ਦੇ ਹਾਜ਼ਰੀ ਰਜਿਸਟਰ ਵਿੱਚ ਹਾਜ਼ਰੀ ਲੱਗ ਜਾਵੇਗੀ।' ਮਾਂ ਮਾਮਾ ਜੀ ਦੇ ਸ਼ਬਦ ਸੁਣ ਕੇ ਕੁਝ ਨਾ ਬੋਲੀ। ਮਾਮਾ ਜੀ ਦੇ ਫਿਰ ਪੁੱਛਣ 'ਤੇ ਮਾਂ ਬੋਲੀ, 'ਭਰਾਵਾਂ! ਮੈਂ ਤੁਹਾਡੇ ਅੱਗੇ ਪੱਲਾ ਤਾਂ ਨਹੀਂ ਅੱਡਿਆ ਤੇ ਨਾ ਕਦੇ ਤੁਹਾਡੇ ਕੋਲ ਦੁੱਖ ਫੋਲਣ ਗਈ ਹਾਂ। ਇਨ੍ਹਾਂ ਦਾ ਪਿਓ ਨਹੀਂ ਹੈ ਤਾਂ ਕੀ, ਮੈਂ ਆਪਣੇ ਪੜ੍ਹਨ ਵਾਲੇ ਪੁੱਤ ਨੂੰ ਚਪੜਾਸੀ ਲਵਾ ਦਿਆਂ।' ਮਾਂ ਨੇ ਤੰਗੀ ਤਾਂ ਕੱਟ ਲਈ, ਪਰ ਮੈਨੂੰ ਪਰਵਾਰ ਦੀ ਆਮਦਨ ਦਾ ਸਾਧਨ ਨਾ ਬਣਨ ਦਿੱਤਾ।

ਮਾਂ ਜਿੰਨੀ ਮਨ ਦੀ ਮੱਖਣ ਸੀ, ਓਨੀ ਸੁਭਾਅ ਦੀ ਸਖਤ ਵੀ ਸੀ। ਉਸ ਦੀ ਅੱਖ ਦੀ ਘੂਰ ਸਾਡੀ ਰਾਹ ਦਸੇਰੀ ਸੀ। ਆਪਾਂ ਜਦੋਂ ਕਾਲਜ ਤੋਂ ਆਉਂਦੇ ਸਾਂ ਤਾਂ ਮਾਂ ਸਾਡੀਆਂ ਪੈਂਟਾਂ ਦੀਆਂ ਜੇਬਾਂ ਫੋਲਦੀ ਹੁੰਦੀ ਸੀ। ਅਸੀਂ ਸੋਚਦੇ ਹੁੰਦੇ ਸਾਂ ਕਿ ਮਾਂ ਨੂੰ ਸਾਡੀ ਇਮਾਨਦਾਰੀ 'ਤੇ ਕੋਈ ਸ਼ੱਕ ਹੈ, ਪਰ ਸਾਨੂੰ ਵੱਡੇ ਹੋ ਕੇ ਪਤਾ ਲੱਗਾ ਕਿ ਉਹ ਸਾਡੀਆਂ ਜੇਬਾਂ ਵਿੱਚ ਸਿਗਰਟਾਂ ਜਾਂ ਤੰਬਾਕੂ ਲੱਭਦੀ ਹੁੰਦੀ ਸੀ। ਉਸ ਦੀ ਸੋਚ ਦਾ ਨਤੀਜਾ ਹੈ ਕਿ ਸਾਡੇ ਚਾਚੇ ਭਰਾਵਾਂ ਵਿੱਚੋਂ ਕੋਈ ਵੀ ਨਸ਼ਾ ਨਹੀਂ ਕਰਦਾ। ਮਾਂ ਦੀ ਕੁਰਬਾਨੀ ਤੇ ਤਿਆਗ ਨੇ ਸਾਡੀ ਸੋਚ ਵਿੱਚ ਅਜਿਹੀ ਸੂਝ ਜ਼ਰੂਰ ਪੈਦਾ ਕਰ ਦਿੱਤੀ ਕਿ ਜੇ ਮਾਂ ਸਿਆਣੀ ਤੇ ਦੂਰ ਅੰਦੇਸ਼ ਨਾ ਹੁੰਦੀ ਤਾਂ ਹੋ ਸਕਦਾ ਸੀ ਕਿ ਅਸੀਂ ਰੋਜ਼ੀ ਰੋਟੀ ਲਈ ਦੁਕਾਨਾਂ 'ਤੇ ਛੋਟੀ ਮੋਟੀ ਨੌਕਰੀ ਕਰਦੇ ਹੁੰਦੇ। ਮੈਨੂੰ ਇਸ ਗੱਲ ਦਾ ਸਕੂਨ ਜ਼ਰੂਰ ਹੈ ਕਿ ਮੇਰੇ ਨਾਲੋਂ ਮੇਰੇ ਦੋਵੇਂ ਪੁੱਤਰ ਮਾਂ ਨੂੰ ਜ਼ਿਆਦਾ ਪਿਆਰ ਕਰਦੇ ਹਨ। ਉਹ ਸਾਰੇ ਦੇਸ਼ ਦਾ ਤੀਰਥ ਕਰ ਆਈ ਹੈ। ਜਦੋਂ ਲੋਕਾਂ ਕੋਲ ਸਾਨੂੰ ਸਰਵਣ ਪੁੱਤਰ ਕਹਿੰਦੀ ਹੈ, ਉਦੋਂ ਲੱਗਦਾ ਹੈ ਕਿ ਸਾਡਾ ਜੰਮਣਾ ਸਾਰਥਕ ਹੋ ਗਿਆ ਹੈ।


ਮੈਂ ਪਾਠਕਾਂ ਨਾਲ ਉਸ ਚੀਫ ਇੰਜੀਨੀਅਰ ਦੀ ਮਹਾਨ ਸੋਚ ਦੀ ਸਾਂਝ ਪਾਉਣੀ ਚਾਹੁੰਦਾ ਹਾਂ, ਜੋ ਆਪਣੀ ਮਾਂ ਦਾ ਇਕਲੌਤਾ ਪੁੱਤਰ ਸੀ। ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਸੀ। ਉਸ ਦੇ ਕੋਈ ਔਲਾਦ ਨਹੀਂ ਸੀ। ਉਹ ਇਕੱਲਾ ਆਪਣੀ ਮਾਂ ਨਾਲ ਰਹਿੰਦਾ ਸੀ। ਉਹ ਸਾਰਾ ਕੁਝ ਆਪਣੀ ਮਾਂ ਦਾ ਖੁਦ ਕਰਦਾ ਸੀ। ਇਕ ਵੇਲੇ ਉਸ ਦੀ ਬਦਲੀ ਮੰਤਰੀ ਨੇ ਦੂਰ ਦੁਰਾਡੇ ਕਰ ਦਿੱਤੀ। ਉਸ ਨੇ ਮੰਤਰੀ ਨੂੰ ਬੇਨਤੀ ਕਰਦਿਆਂ ਕਿਹਾ ਕਿ ਉਸ ਦੀ ਮਾਂ ਉਹ ਸ਼ਹਿਰ ਛੱਡ ਕੇ ਨਹੀਂ ਜਾ ਸਕਦੀ। ਉਹ ਨੌਕਰੀ ਛੱਡ ਸਕਦਾ ਹੈ, ਪਰ ਮਾਂ ਦੀ ਇੱਛਾ ਨਹੀਂ ਟਾਲ ਸਕਦਾ। ਮੰਤਰੀ ਨੇ ਚੀਫ ਇੰਜੀਨੀਅਰ ਦਾ ਮਾਂ ਪ੍ਰਤੀ ਪਿਆਰ ਵੇਖ ਕੇ ਬਦਲੀ ਰੱਦ ਕਰ ਦਿੱਤੀ। ਮੈਨੂੰ ਦੇਸ਼ ਦੇ ਮਰਹੂਮ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ ਦੀ ਜ਼ਿੰਦਗੀ ਦਾ ਉਹ ਪ੍ਰਸੰਗ ਅਕਸਰ ਯਾਦ ਆਉਂਦਾ ਰਹਿੰਦਾ ਹੈ, ਜਦੋਂ ਉਹ ਜ਼ਿਆਦਾ ਭੁੱਖ ਕਾਰਨ ਆਪਣੀ ਮਾਂ ਦੇ ਹਿੱਸੇ ਦੀਆਂ ਰੋਟੀਆਂ ਵੀ ਖਾ ਗਏ। ਪਤਾ ਲੱਗਣ 'ਤੇ ਉਨ੍ਹਾਂ ਨੇ ਜਦੋਂ ਮਾਂ ਨੂੰ ਕਿਹਾ ਕਿ ਉਨ੍ਹਾਂ ਤੋਂ ਵੱਡੀ ਭੁੱਲ ਹੋ ਗਈ ਹੈ ਤਾਂ ਉਨ੍ਹਾਂ ਦੇ ਸ਼ਬਦ ਸੁਣ ਕੇ ਮਾਂ ਨੇ ਕਿਹਾ ਕਿ ਜੇ ਬੱਚਿਆਂ ਦਾ ਪੇਟ ਭਰ ਜਾਵੇ ਤਾਂ ਮਾਂ ਦਾ ਪੇਟ ਆਪਣੇ ਆਪ ਭਰ ਜਾਂਦਾ ਹੈ। ਮੈਂ ਉਦੋਂ ਬਹੁਤ ਹੈਰਾਨ ਹੁੰਦਾ ਹਾਂ, ਜਦੋਂ ਮਾਵਾਂ ਮਾਡਲ ਸਕੂਲਾਂ ਵਿੱਚ ਬੱਚਿਆਂ ਨੂੰ ਨਰਸਰੀ ਜਮਾਤ ਵਿੱਚ ਪਹਿਲੇ ਦਿਨਾਂ ਵਿੱਚ ਸਕੂਲ ਛੱਡਣ ਆਉਂਦੀਆਂ ਹਨ। ਉਨ੍ਹਾਂ ਨੇ ਉਨ੍ਹਾਂ ਨੂੰ ਕੁੱਛੜ ਚੁੱਕਿਆ ਹੁੰਦਾ ਹੈ। ਉਹ ਉਨ੍ਹਾਂ ਦੇ ਥੱਪੜ ਮਾਰ ਰਹੇ ਹੁੰਦੇ ਹਨ। ਉਨ੍ਹਾਂ ਦੇ ਵਾਲ ਪੁੱਟ ਰਹੇ ਹੁੰਦੇ ਹਨ, ਪਰ ਉਹ ਉਨ੍ਹਾਂ ਦੀਆਂ ਗੱਲ੍ਹਾਂ ਚੁੰਮ-ਚੁੰਮ ਕੇ ਉਨ੍ਹਾਂ ਨੂੰ ਪਿਆਰ ਕਰ ਰਹੀਆਂ ਹੁੰਦੀਆਂ ਹਨ।

ਮੈਨੂੰ ਅੱਜ ਤੱਕ ਮੇਰੇ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਮਿਲ ਸਕਿਆ ਕਿ ਸਾਡੀਆਂ ਮਾਵਾਂ ਬੁਢਾਪੇ ਵਿੱਚ ਬੇਸਹਾਰਾ ਕਿਉਂ ਹੋ ਜਾਂਦੀਆਂ ਹਨ। ਮਾਵਾਂ ਕਈ-ਕਈ ਬੱਚੇ ਪਾਲ ਲੈਂਦੀਆਂ ਹਨ, ਪਰ ਬੱਚਿਆਂ ਨੂੰ ਇਕ ਮਾਂ ਰੱਖਣੀ ਔਖੀ ਕਿਉਂ ਹੋ ਜਾਂਦੀ ਹੈ? ਉਹ ਬਿਰਧ ਆਸ਼ਰਮਾਂ ਵਿੱਚ ਕਿਉਂ ਪਹੁੰਚ ਜਾਂਦੀਆਂ ਹਨ? ਆਓ! ਅਸੀਂ ਸਾਰੇ ਇਨ੍ਹਾਂ ਸਵਾਲਾਂ ਦੇ ਜਵਾਬਾਂ ਨੂੰ ਸੰਜੀਦਗੀ ਨਾਲ ਲੱਭੀਏ।

# ਸ਼ਹੀਦ ਗਦਰੀ ਬਾਬਾ ਡਾ. ਅਰੂੜ ਸਿੰਘ



ਪ੍ਰਿੰਸੀਪਲ ਪਾਖਰ ਸਿੰਘ 'ਡਰੌਲੀ'



ਗਦਰੀ ਬਾਬਾ ਡਾ ਅਰੂੜ ਸਿੰਘ

ਪੰਜਾਬ ਦੀ ਪਵਿੱਤਰ ਧਰਤੀ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਇੱਥੋਂ ਦੇ ਜੰਮਪਲ ਜੋਸ਼ੀਲੇ ਦੇਸ਼ ਭਗਤਾਂ,ਸਿਰਲੱਥ ਯੋਧਿਆਂ ਤੇ ਦੇਸ਼ ਭਗਤ ਸੂਰਮਿਆਂ ਨੇਂ ਹੱਕ, ਸੱਚ, ਨਿਆਂ ਤੇ ਦੇਸ਼ ਦੀ ਆਜਾਦੀ ਲਈ ਹੱਸ-ਹੱਸ ਕੇ ਫਾਂਸੀ ਦੇ ਰਸਿੱਆ ਨੂੰ ਚੁਮਿੰਆਂ। ਅਨੇਕਾਂ ਕਸ਼ਟ ਝੱਲੇ, ਜੇਲ੍ਹਾਂ ਵਿੱਚ ਮੁਸ਼ੱਕਤਾਂ ਕੀਤੀਆਂ, ਭੁੱਖ ਹੜਤਾਲਾਂ ਕੀਤੀਆਂ ਤੇ ਐਸ਼ੋਇਸ਼ਰਤ ਦਾ ਜੀਵਨ ਤਿਆਗ ਕੇ ਆਪਣੀ ਸਮੁੱਚੀ ਜਿੰਦਗੀ ਦੇਸ਼ ਕੌਮ ਦੇ ਲੇਖੇ ਲਾ ਕੇ ਭਾਰਤ ਮਾਤਾ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਵੱਖ-ਵੱਖ ਅੰਦੋਲਨਾਂ ਵਿੱਚ ਸਰਗਰਮੀਂ ਨਾਲ ਹਿੱਸਾ ਲਿਆ।ਅਜਿਹੇ ਜਾਂਬਾਜ ਸੂਰਮਿਆਂ ਵਿੱਚੋਂ ਡਾ ਅਰੂੜ ਸਿੰਘ ਗਦਰੀ ਬਾਬੇ ਦਾ ਵਿਲੱਖਣ ਨਾਂ ਹੈ।ਆਪ ਦੇ ਦਿਲ ਵਿੱਚ ਦੇਸ਼ ਪਿਆਰ ਦੀ ਅਨੋਖੀ ਤੜਪ ਸੀ ਤੇ ਕੁੱਝ ਕਰ ਗੁਜਰਨ ਦੀ ਤਮੰਨਾਂ ਠਾਠਾਂ ਮਾਰਦੀ ਸੀ।ਆਪ ਦਾ ਨਾਅਰਾ ਸੀ;-


*"ਕੱਫਨ ਬੰਨ੍ਹ ਕੇ ਸਿਰਾਂ ਉੱਪਰ ।।*
*ਅਸੀਂ ਆਏ ਹਾਂ ਵਿੱਚ ਮੈਦਾਨ,*
*ਅਸੀਂ ਅੰਗਰੇਜ ਕੱਢਣੇਂ ਦੇਸ਼ ਚੋਂ*
*ਬਣ ਬੈਠੇ ਜੋ ਹੁਕਮਰਾਨ ।।*

ਆਪ ਦਾ ਜਨਮ 1890 ਈਸਵੀ ਨੂੰ 105 ਸਾਲਾਂ ਅੰਤਰਰਾਸ਼ਟਰੀ ਦੌੜਾਕ ਬਾਬਾ ਫੌਜਾ ਸਿੰਘ ਦੇ ਜੱਦੀ-ਗਰਾਂ ਬਿਆਸ ਪਿੰਡ ਜਲੰਧਰ ਦੇ ਲਾਗਲੇ ਪਿੰਡ ਸੰਘਵਾਲ ਵਿਖੇ ਹੋਇਆ।ਆਪ ਦੇ ਪਿਤਾ ਦਾ ਨਾਂ ਸਰਦਾਰ ਜਗਤ ਸਿੰਘ ਸੀ।ਮੁੱਢਲੀ ਸਿਖਿੱਆ ਪੰਜਵੀ ਜਮਾਤ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਪੰਜਵੀਂ ਪਾਸ ਕਰਨ ਤੋਂ ਬਾਅਦ ਸਲੋਤਰੀ(ਵੈਟਰਨਰੀ ਕੰਪਾਉਂਡਰ)ਬਣ ਗਏ।ਭਾਂਵੇ ਆਪ ਨੇਂ ਡਾਕਟਰੀ ਦੀ ਕੋਈ ਸਿਖਿੱਆ ਪ੍ਰਾਪਤੀ ਨਹੀਂ ਕੀਤੀ ਫਿਰ ਵੀ ਆਪ ਦੀ ਹਰਮਨ ਪਿਆਰਤਾ ਕਰਕੇ ਇਲਾਕੇ ਵਿੱਚ ਪਸ਼ੂਆਂ ਦੇ ਇਲਾਜ ਲਈ ਧੁੰਮਾ ਪੈ ਗਈਆਂ ਤੇ ਆਪ ਨੂੰ ਲੋਕ ਪਿਆਰ ਨਾਲ ਡਾਕਟਰ ਵੀ ਕਹਿਣ ਲਗ ਪਏ। ਪਿੰਡ ਸੰਘਵਾਲ ਦਾ ਵਸਨੀਕ ਹੋਣ ਕਾਰਣ ਡਾ ਅਰੂੜ ਸਿੰਘ ਦਾ ਪ੍ਰੇਰਨਾ ਸਰੋਤ ਪ੍ਰਸਿੱਧ ਇਨਕਲਾਬੀ ਬੰਤਾ ਸਿੰਘ ਸੰਘਵਾਲ ਸੀ।ਗਦਰੀ ਬਾਬਾ ਬੰਤਾ ਸਿੰਘ ਦੀਆਂ ਸਰਗਰਮੀਆਂ ਕਰਕੇ ਇਹ ਨੌਜਵਾਨ ਬੰਤਾ ਸਿੰਘ ਦੇ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਿਤ ਹੋਇਆ।ਇਉਂ ਦੇਸ਼ ਦੀ ਆਜਾਦੀ ਲਈ ਚੰਗਿਆੜੀ ਮੱਘ ਪਈ ਤੇ ਅਰੂੜ ਸਿੰਘ ਵੀ ਬਾਗੀਆਨਾਂ ਕਾਰਵਾਈਆਂ ਵਿੱਚ ਤਨਦੇਹੀ ਨਾਲ ਕੁੱਦ ਪਿਆ। ਇਹਨਾਂ ਦਿਨਾਂ ਵਿੱਚ ਸੀ ਆਈ ਡੀ ਦੀਆਂ ਰਿਪੋਰਟਾਂ ਦੇ ਆਧਾਰ ਤੇ ਸਰਕਾਰ ਨੇਂ ਆਪ ਦੇ ਗ੍ਰਿਫਤਾਰੀ ਵਾਰੰਟ ਕਢਵਾ ਦਿੱਤੇ।ਪ੍ਰੰਤੂ ਆਫਰੀਨ ਇਸ ਗੱਭਰੂ ਦੇ ਜੋ ਪੁਲਸ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਰੂਪੋਸ਼ ਹੋ ਗਿਆ ਤੇ ਲਗਭੱਗ ਢਾਈ ਸਾਲ ਮਫਰੂਰ ਰਿਹਾ।ਮਫਰੂਰੀ ਦੌਰਾਨ ਸਰਕਾਰੀ ਮੁਖਬਰਾਂ ਤੇ ਪੁਲਸ ਵਾਲਿਆਂ ਨੂੰ ਪਾਰ ਬੁਲਾਉਂਦਾ ਰਿਹਾ।ਕਿਹਾ ਜਾਂਦਾ ਹੈ ਕਿ ਇਸ ਮਫਰੂਰੀ ਸਮੇਂ ਦੌਰਾਨ ਇੱਕ ਗੱਦਾਰ ਅਤੇ ਸੱਤ ਪੁਲਸੀਏ ਮੌਤ ਦੇ ਘਾਟ ਉਤਾਰੇ।ਕਈ ਥਾਵਾਂ ਤੇ ਰੇਲ ਪਟੜੀਆਂ ਉਖਾੜੀਆਂ ਤੇ ਤਾਰਾਂ ਉਖਾੜ ਕੇ ਖੰਬੇ ਪੁੱਟੇ।ਸਦਕੇ ਜਾਈਏ ਇਸ ਗੱਭਰੂ ਦੇ ਜੋ ਇਹੀ ਅਰਦਾਸ ਕਰਦਾ ਸੀ,ਹੇ ਪ੍ਰਮਾਤਮਾ ਮੈਨੂੰ ਬਹਾਦਰੀ ਵਾਲੀ ਮੌਤ ਬਖਸ਼ੀਂ,ਮੈਂ ਸਰਕਾਰ ਦਾ ਮੁਕਾਬਲਾ ਕਰਦਾ ਗੋਲੀ ਨਾਲ ਸ਼ਹੀਦ ਹੋਵਾਂ ਜਾਂ ਫਾਂਸੀ ਦੇ ਤਖਤੇ ਤੇ ਲਟਕਾਂ"।ਵਰਨਣਯੋਗ ਹੈ ਕਿ ਆਪ ਦਾ ਇੱਕ ਦੋਸਤ ਲਾਹੌਰ ਜੇਲ੍ਹ ਵਿੱਚ ਬੰਦ ਸੀ। ਆਪ ਚੋਰੀ ਛਿਪੇ ਉਸ ਨੂੰ ਕਦੇ ਕਦਾਈਂ ਮਿਲਣ ਜਾਂਦੇ ਤੇ ਵਿਚਾਰ ਵਟਾਂਦਰਾ ਕਰਦੇ ਸਨ।ਇੱਕ ਦਿਨ ਡਾ ਅਰੂੜ ਸਿੰਘ ਜੇਲ੍ਹ ਦੇ ਫਾਟਕ ਲਾਗੇ ਟਹਿਲ ਰਿਹਾ ਸੀ। ਟਹਿਲਦਿਆਂ ਪੁਲਸ ਨੂੰ ਆਪ ਤੇ ਸ਼ੱਕ ਪੈ ਗਿਆ।ਪੁਲਸ ਨੇਂ ਘੇਰਾ ਪਾ ਕੇ ਆਪ ਨੂੰ ਗ੍ਰਿਫਤਾਰ ਕਰ ਲਿਆ ਤੇ ਲਾਹੌਰ ਸਾਜਿਸ਼ ਕੇਸ,ਦੂਜੇ ਮੁਲਜਮਾਂ ਨਾਲ ਆਪ ਤੇ ਲਾਰਡ ਹਾਰਡਿੰਗ ਦੇ ਕਤਲ ਕੇਸ ਵਿੱਚ ਦਿੱਲੀ 'ਚ ਬੰਬ ਮਾਰਨ ਦੇ ਝੂਠੇ ਕੇਸ ਪਾ ਦਿੱਤੇ।ਅਦਾਲਤ ਵਿੱਚ ਸੁਣਵਾਈ ਦੌਰਾਨ ਆਪ ਨੇਂ ਆਪਣੀਂ ਸਫਾਈ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮੈਨੂੰ ਇਸ ਸਰਕਾਰ ਤੇ ਕੋਈ ਆਸ ਨਹੀਂ ਸੀ। ਬ੍ਰਿਟਿਸ਼ ਨਿਆਂ ਤਾਂ ਮਜ਼ਾਕ ਤੇ ਫਰੇਬ ਹੈ।ਮੇਰਾ ਇਸ ਤੇ ਕੋਈ ਭਰੋਸਾ ਨਹੀਂ। ਜਿਕਰਯੋਗ ਹੈ ਕਿ ਦੂਜਾ ਸਪਲੀਮੈਂਟਰੀ ਸਾਜਸ਼ ਕੇਸ ਚਲਿੱਆ।ਇਹ 8 ਨਵੰਬਰ 1916 ਨੂੰ ਸ਼ੁਰੂ ਹੋਇਆ ਤੇ ਇਸ ਦਾ ਫੈਂਸਲਾ 5 ਜਨਵਰੀ 1917 ਨੂੰ ਸੁਣਾਇਆ ਗਿਆ।ਆਪ ਨੂੰ ਫਾਂਸੀ ਦੀ ਸਜਾ ਸੁਣਾਈ ਗਈ।ਇਹ ਸਜਾ ਸੁਣਨ ਤੇ ਆਪ ਨੇਂ ਪ੍ਰਮਾਤਮਾਂ ਦਾ ਸ਼ੁਕਰੀਆ ਕੀਤਾ।ਇਸ ਕੇਸ ਵਿੱਚ ਇਨਕਲਾਬੀਆਂ ਨੂੰ ਮੌਤ ਦੀ ਸਜ਼ਾ ਤੇ ਜਾਇਦਾਦ ਜਬਤੀ ਦਾ ਹੁਕਮ ਸੁਣਾਇਆ ਗਿਆ।ਇਸ ਕੇਸ ਵਿੱਚ ਸ਼੍ਰੀ ਬਾਬੂ ਰਾਮ ਜਿਲ੍ਹਾ ਹੁਸ਼ਿਆਰਪੁਰ ਸ਼੍ਰੀ ਬਲਵੰਤ ਸਿੰਘ ਖੁਰਦਪੁਰ,ਸ਼੍ਰੀ ਨਾਮਾ ਹੁਸ਼ਿਆਰਪੁਰ, ਸ਼੍ਰੀ ਹਾਫਜ਼ ਅਬਦੁੱਲਾ(ਲੁਧਿਆਣਾ),ਸ਼੍ਰੀ ਰੂੜ ਸਿੰਘ(ਸੰਘਵਾਲ,ਜਲੰਧਰ) ਆਦਿ ਸ਼ਾਮਲ ਸਨ।ਸ਼੍ਰੀ ਕਰਤਾਰ ਸਿੰਘ ਪਿੰਡ ਚੰਦ ਨੌਂ(ਫਿਰੋਜ਼ਪੁਰ) ਨੂੰ ਮੌਤ ਤੇ ਜਾਇਦਾਦ ਜਬਤੀ ਦੀ ਸਜ਼ਾ ਸੁਣਾਈ ਗਈ।ਪ੍ਰੰਤੂ ਪਿੱਛੋਂ ਫਿਰ ਮੌਤ ਦੀ ਸਜ਼ਾ ਉਮਰ ਕੈਦ ਕਾਲੇ ਪਾਣੀ ਅੰਡੇਮਾਨ ਬਦਲ ਦਿੱਤੀ ਗਈ।ਦੂਜੇ ਸਪਲੀਮੈਂਟਰੀ ਸਾਜਸ਼ ਕੇਸ ਵਿੱਚ ਅਰੂੜ ਸਿੰਘ ਨੂੰ ਫਾਂਸੀ ਦੀ ਸਜਾ ਸੁਣਾਈ ਗਈ ਜਿਸ ਨੂੰ ਆਪ ਨੇਂ ਖਿੜੇ-ਮਿੱਥੇ ਸਵੀਕਾਰ ਕਰ ਲਿਆ।ਧੰਨ ਸਨ ਇਹ ਸੂਰਬੀਰ ਯੌਧੇ ਜਿਹਨਾਂ ਨੇਂ ਦੇਸ਼ ਦੀ ਅਜਾਦੀਖਾਤਰ ਫਾਂਸੀ ਦੇ ਰਸਿੱਆ ਨੂੰ ਹੱਸ-ਹੱਸ ਚੁਮਿੰਆ ਤੇ ਅਮਰ ਹੋ ਗਏ।

*!! ਸ਼ਹੀਦੋਂ ਕੀ ਚਿਤਾਓਂ ਪੇ ਲਗੇ*
*ਗੇਂ ਹਰਵਰਸ਼ ਮੇਲੇ,*
*ਵਤਨ ਪੇ ਮਰਨੇਂ ਵਾਲੋਂ ਕਾ ਯਹੀ*
*ਬਾਕੀ ਨਿਸ਼ਾਂ ਹੋਗਾ !!*


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

## ਭਾਰਤੀ ਚੋਣ ਅਯੋਗ ਦੀ ਨਿਰਪੱਖਤਾ ’ਤੇ ਉੱਠੇ ਸਵਾਲ ਦੇਸ ਕਿਸ ਦਿਸ਼ਾ ਵੱਲ

ਹਰਚੰਦ ਸਿੰਘ ਬਾਸੀ



ਭਾਰਤ ਵਿੱਚ 2014 ਦੇ ਲੋਕ ਸਭਾ ਇਲੈਕਸ਼ਨ ਵਿੱਚ ਭਾਰਤੀ ਜਨਤਾ ਪਾਰਟੀ ਨੇ 282 ਸੀਟਾਂ ਤੇ ਜਿੱਤ ਤੇ ਜਿੱਤ ਪ੍ਰਾਪਤ ਕਰਕੇ ਪੂਰਨ ਬਹੁਮੱਤ ਪਰਾਪਤ ਕੀਤਾ। ਉਸ ਦੇ ਨਾਲ ਕੁੱਝ ਸਹਿਯਗੀ ਪਾਰਟੀਆਂ ਨੇ ਵੀ ਕੁੱਝ ਸੀਟਾਂ ਤੇ ਜਿੱਤ ਪ੍ਰਾਪਤ ਕੀਤੀ। ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਨੇ ਸਰਕਾਰ ਬਣਾਈ। ਉਤਰੀ ਭਾਰਤ ਵਿੱਚ ਹੋਰ ਰਾਜਨੀਤਿਕ ਪਾਰਟੀਆਂ ਦੀ ਹਾਲਤ ਖਸਤਾ ਹੋ ਗਈ। ਭਾਰਤ ਦੀ ਅਜ਼ਾਦੀ ਦੀ ਲੜਾਈ ਲੜਣ ਵਾਲੀ ਅਤੇ ਭਾਰਤ ਤੇ 1947 ਤੋਂ ਬਾਅਦ ਲੰਮਾਂ ਸਮਾਂ ਰਾਜ ਕਰਨ ਵਾਲੀ ਕੌਮੀ ਪਾਰਟੀ ਕਾਂਗਰਸ ਨੂੰ ਸਿਰਫ 44 ਸੀਟਾਂ ਤੇ ਜਿੱਤ ਪਰਾਪਤ ਹੋਈ। ਉਹ ਆਪੋਜੀਸ਼ਨ ਦਾ ਆਗੂ ਬਨਣ ਲਈ ਲੋੜੀਦੀਆਂ ਸੀਟਾਂ ਵੀ ਨਹੀਂ ਜਿੱਤ ਸਕੀ।ਇਸ ਨਾਲ ਦੇਸ ਦੀ ਪਾਰਲੀਮੈਂਟ ਵਿੱਚ ਅਤਿ ਕਮਜ਼ੋਰ ਆਪੋਜੀਸ਼ਨ ਮਿਲੀ। ਲੱਗ ਪੱਗ ਸਾਵੇ ਤਿੰਨ ਸਾਲ ਆਪੋਜੀਸ਼ਨ ਕੌਮੀ ਅਤੇ ਖੇਤਰੀ ਪਾਰਟੀਆਂ ਦੇ ਨੁਮਾਇੰਦੇ ਦੇਸ ਦੇ ਲੋਕਾਂ ਦੀਆਂ ਸਮੱਸਿਆਵਾਂ ਨੋਟ ਬੰਦੀ ,ਜੀ ਐਸ ਟੀ, ਕਿਸਾਨੀ ਦੀ ਬੁਰੀ ਹਾਲਤ,ਰੋਜ਼ਗਾਰ ਦੀ ਸਮੱਸਿਆ,ਵਿਦਿਆ ਦੀ ਨਿਘਰਦੀ ਹਾਲਤ, ਸਿਹਤ ਸੇਵਾਵਾਂ, ਵਧਦੀ ਮਹਿੰਗਾਈ, ਤੇਲ ਦੀਆਂ ਅਸਮਾਨ ਨੂੰ ਛੂੰਹਦੀਆਂ ਕੀਮਤਾਂ, ਵਿਦਿਅਕ ਸੰਸਥਾਵਾਂ ਦਾ ਭਗਵਾਂਕਰਨ ਆਦਿ ਸਮੱਸਿਆਵਾਂ ਦੀ ਜੋਰ ਸ਼ੋਰ ਨਾਲ ਤਰਜਮਾਨੀ ਨਹੀਂ ਕਰ ਸਕੇ। ਸੜਕਾਂ ਤੇ ਨਿਕਲ ਕੇ ਲੋਕਾਂ ਨੂੰ ਅੰਦੋਲਣਾਂ ਵਿੱਚ ਸ਼ਾਮਲ ਨਹੀਂ ਕਰ ਸਕੇ। ਇਸ ਤੋਂ ਵੀ ਵੱਧ ਸੰਵਿਧਾਨ ਤੇ ਡੈਮੋਕਰੇਟਿਕ ਸੰਸਥਾਵਾਂ ਤੇ ਹਮਲਿਆਂ ਨੂੰ ਦੇਸ ਦੇ ਲੋਕਾਂ ਸਾਹ-ਮਣੇ ਜੋਰ ਸ਼ੋਰ ਨਾਲ ਨਹੀਂ ਰੱਖ ਸਕੇ। ਇਸ ਸਮੇਂ ਵਿੱਚ ਬਹੁਮੱਤ ਦੀ ਹਉਮੇ ਨਾਲ ਮੋਦੀ ਅਤੇ ਅਮਿਤ ਸ਼ਾਹ ਸੁਪਰੀਮਕੋਰਟ,ਸੀ ਬੀ ਆਈ, ਰੀਜ਼ਰਵ ਬੈਂਕ ਦੇ ਕੰਮਾਂ ਅੰਦਰ ਦਖਲ ਅੰਦਾਜੀ ਕਰਨ ਲੱਗ ਪਏ। ਸੁਪਰੀਮ ਕੋਰਟ ਦੇ ਚਾਰ ਜੱਜਾਂ ਨੂੰ ਪ੍ਰੇਸ ਕਾਨਫਰੰਸ ਕਰਨੀ ਪਈ, ਸੀ ਬੀ ਆਈ ਦੇ ਮੁਖੀ ਅਲੋਕ ਵਰਮਾ ਨੂੰ ਜਿਸ ਢੰਗ ਨਾਲ ਹਟਾਇਆ ਗਿਆ ਗੈਰ ਕਾਨੂੰਨੀ ਸੀ। ਇਸ ਤਰਾਂ ਦੀਆਂ ਹੋਰ ਅਨੇਕਾਂ ਕੁਸਾਸ਼ਨ ਦੀਆਂ ਮਿਸਾਲਾਂ ਹਨ।

ਦੇਸ ਅੰਦਰ ਫਿਰਕੂ ਨਫਰਤ ਫੈਲਾਉਣ ਦਾ ਕੋਈ ਮੌਕਾ ਨਹੀਂ ਛੱਡਿਆ ਸਗੋਂ ਰਾਜਨੀਤਿਕ ਲਾਹਾ ਲੈਣ ਲਈ ਹਿੰਦੂ ਮੁਸਲਿਮ ਸੰਕੀਰਨ ਵਿਚਾਰਾਂ ਨੂੰ ਖੂਬ ਉਛਾਲਿਆ ਗਿਆ। ਗਊ ਰੱਖਿਆ ਦੀ ਆੜ ਥੱਲੇ ਭਗਵਾਂ ਭੀੜਾਂ ਕੋਲੋਂ ਇੱਕ ਫਿਰਕੇ ਦੇ ਲੋਕਾਂ ਨੂੰ ਕੁੱਟ ਕੁੱਟ ਕੇ ਮਾਰਨ ਦੀਆਂ ਘਟਨਾਵਾਂ ਵਾਪਰੀਆਂ। ਕਿਸੇ ਦੋਸ਼ੀ ਨੂੰ ਨਹੀਂ ਫੜਿਆ ਗਿਆ। ਸਰਕਾਰਾਂ ਇਹਨਾਂ ਲੋਕਾਂ ਦੀ ਪੁਸ਼ਪ ਪੁਨਾਹੀ ਕਰਦੀ ਰਹੀ। ਸਰਕਾਰ ਦੀ ਅਲੋਚਣਾ ਕਰਨ ਵਾਲਿਆਂ ਦੀ ਬੀ ਜੇ ਪੀ ਸਰਕਾਰ ਆਪਣੇ ਆਈ ਟੀ ਸੈਲ ਦੇ ਬਰਗੇਡ ਕੋਲੋਂ ਗਾਲਾਂ ਕਢਵਾਈਆਂ ਗਈਆਂ ਅਤੇ ਦੇਸ ਧ੍ਰੋਹੀਆਂ ਦੇ ਇਲਜ਼ਾਮ ਲਾਏ ਗਏ। ਮਾਨ ਹਾਨੀ ਦੇ ਮੁੱਕਦਮੇ ਕੀਤੇ ਗਏ। ਕਈ ਬੁਧੀ ਜੀਵੀਆਂ ਦੇ ਕਤਲ ਦੇ ਦੋਸ਼ ਸਰਕਾਰ ਸਿਰ ਲੱਗੇ। ਦੇਸ ਦੇ ਲੋਕਾਂ ਨਾਲ ਕੀਤੇ ਸੁਧਾਰਾਂ ਦੇ ਵਾਅਦੇ ਸੱਭ ਗੰਦੇ ਨਾਲੇ ਵਿੱਚ ਸੁਟ ਦਿਤੇ। ਭਾਰਤੀ ਜਨਤਾ ਪਾਰਟੀ ਦੇ ਕੁਸਾਸ਼ਨ ਤੋਂ ਲੋਕ ਤੰਗ ਆ ਚੁੱਕੇ ਸਨ। ਸਮਾਜ ਦੇ ਹਰ ਵਰਗ ਵਿੱਚ ਅੰਸਤੋਸ਼ ਸੀ।

ਲੋਕ 2019 ਦੀਆਂ ਲੋਕ ਸਭਾਂ ਦੀਆਂ ਚੋਣਾ ਦੀ ਬੇਸਬਰੀ ਨਾਲ ਸਰਕਾਰ ਬਦਲਣ ਦੀ ਉਡੀਕ ਵਿੱਚ ਸਨ। ਜਦ ਤੋਂ ਚੋਣ ਕੋਸ਼ਿਨ ਨੇ ਚੋਣਾਂ ਦ ਐਲਾਣ ਕੀਤਾ ਉਸ ਸਮੇਂ ਤੋਂ ਹੀ ਲੋਕਾਂ ਨੂੰ ਦਾਲ ਵਿੱਚ ਕੁੱਝ ਕਾਲਾ ਦਿਸਦਾ ਸੀ। ਪਹਿਲੇ ਹੀ ਦਿਨ ਮਹਾਂਰਾਸ਼ਟਰ ਵਿੱਚ ਮੋਦੀ ਦੀ ਰੈਲੀ ਹੋ ਜਾਣ ਤੋਂ ਬਾਅਦ ਸੱਤ ਚਰਨਾਂ (ਪੜਾਵਾਂ) ਵਿੱਚ ਚੋਣਾਂ ਕਰਾਉਣ ਦਾ ਸ਼ਡਿਊਲ ਬਣਾਇਆ। ਇਸ ਵਿੱਚ ਵੀ ਭਾਰਤੀ ਜਨਤਾ ਪਾਰਟੀ (ਮੋਦੀ-ਅਮਿਤਸ਼ਾਹ) ਨੂੰ ਲਾਭ ਦੇਣ ਵਾਲਾ ਪ੍ਰਬੰਧ ਦਿਸਦਾ ਸੀ। ਚੋਣ ਪਰਚਾਰ ਦੌਰਾਨ ਚੋਣਾਂ ਵਿੱਚ ਵਰਜਿਤ ਪਰਚਾਰ ਫਿਰਕੂ ਮੁੱਦੇ, ਦੇਸ ਦੀ ਸੈਨਾ ਨੂੰ ਵਰਤਣਾ, ਕਿਸੇ ਤੇ ਭੱਦੀ ਸ਼ਬਦਾਵਲੀ ਦੁਆਰਾ ਨਿਜੀ ਹਮਲੇ ਕਰਨੇ ਆਦਿ ਹਰ ਇੱਕ ਲਈ ਵਰਜਿਤ ਹੁੰਦੇ ਹਨ। ਮੋਦੀ ਇਸ ਤਰਾਂ ਦੇ ਮੁੱਦੇ ਖੁਲਮ ਖੁੱਲਾ ਵਰਤੇ ਉਸ ਨੇ ਕਿਸੇ ਚੋਣ ਕਮਿਸ਼ਨ ਦਾ ਡਰ ਨਹੀਂ ਮੰਨਿਆ। ਉਸ ਨੇ ਹਿੰਦੂ ਮੁਸਮਾਨ, ਬਾਲਾ ਕੋਟ ਦੀ ਏਅਰ ਸਟਰਾਈਕ ਆਦਿ ਜਿਹੇ ਮੁਦਿਆਂ ਨੂੰ ਲਾਭ ਲੈਣ ਲਈ ਖੂਭ ਭਨਾਉਣ ਦਾ ਕੰਮ ਕੀਤਾ। ਵਿਰੋਧੀਆਂ ਨੇ ਕਈ ਸ਼ਿਕਾਇਤਾਂ ਕੀਤੀਆਂ। ਪਰ ਚੋਣ ਕਮਿਸ਼ਨ ਨੇ ਜਾਂ ਤਾਂ ਫੈਸਲਾ ਦੇਣ ਤੋਂ ਟਾਲਾ ਵੱਟ ਲਿਆ ਜਾਂ ਮੁਖੀ ਨੇ ਕਲੀਨ ਚਿਟ ਦੇ ਦਿਤੀ। ਇਸ ਨਾਲ ਚੋਣ ਕਮਿਸ਼ਨ ਦੇ ਦੋ ਨੰਬਰ ਦੇ ਅਫਸਰ ਲਵਾਸਾ ਨੇ ਇਸ ਵਿਰੋਧ ਵਿੱਚ 4 ਮਈ ਤੋਂ ਮੀਟਿੰਗਾਂ ਵਿੱਚ ਜਾਣਾ ਬੰਦ ਕਰ ਦਿਤਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਚੋਣ ਕਮਸ਼ਿਨ ਦਾ ਮੁਖੀ ਮਨ ਮਰਜ਼ੀ ਨਾਲ ਪੱਖ ਪਾਤ ਕਰ ਰਿਹਾ ਸੀ। ਪਰ ਵਿਰੋਧੀਆਂ ਨੂੰ ਹਰ ਸ਼ਿਕਾਇਤ ਲਈ ਕਟਿਹਰੇ ਵਿੱਚ ਖੜਾ ਕਰ ਲਿਆ। ਈ ਵੀ ਐਮ ਨਾਲ ਵੀ ਵੀ ਪੈਟ ਲਦਾਉਣ ਤੋਂ ਵੀ ਟਾਲਾ ਵੱਟਦਾ ਰਿਹਾ। ਆਖਰ ਰਾਜਨੀਤਕ ਪਾਰਟੀਆਂ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਕੋਰਟ ਨੇ ਹਰ ਵਿਧਾਨ ਸਭਾ ਦੇ ਹਲਕੇ ਵਿੱਚ ਪੰਜ ਈ ਵੀ ਐਮ ਦੀਆਂ ਵੋਟਾਂ ਦਾ ਵੀ ਵੀ ਪੈਟ ਨਾਲ ਮਿਲਾਣ ਕਰਨ ਦਾ ਹੁਕਮ ਜਾਰੀ ਕੀਤਾ। ਚੋਣਾਂ ਖਤਮ ਹੋਈਆਂ ਤਾਂ ਗੋਦੀ ਮੀਡੀਆ ਰਾਹੀ ਭਾਰਤੀ ਜਨਤਾ ਪਾਰਟੀ ਨੂੰ 300 ਤੋਂ ਵੱਧ ਸੀਟਾਂ ਜਿਤਣ ਦਾ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ ਗਿਆ। ਇਸ ਤੇ ਦੇਸ ਦੀ ਜਨਤਾ ਨੂੰ ਭਰੋਸਾ ਨਹੀਂ ਸਗੋਂ ਇੱਕ ਖੌਫ,ਸੰਦੇਹ ਪੈਦਾ ਹੋ ਗਿਆ। ਕਿਉਂਕਿ ਗਰਾਉਂਡ ਪੱਧਰ ਤੇ ਲੋਕਾਂ ਵਿੱਚ ਬੀ ਜੇ ਪੀ ਖਿਲਾਫ ਵਡਾ ਰਸ ਸੀ। ਸਰਕਾਰ ਮੁਦਿਆਂ ਦੀ ਗੱਲ ਨਹੀਂ ਕਰਦੀ ਸੀ ਸਗੋਂ ਉਲ ਜਲੂਲ ਬੋਲ ਕੇ ਲੋਕਾਂ ਨੂੰ ਭਟਕਾਉਣਾ ਚਾਹੁੰਦੀ ਸੀ। ਉਸ ਦਾ ਹਰ ਤੀਰ ਜਨਤਾ ਨੇ ਖੁੰਢਾ ਕਰ ਦਿਤਾ ਸੀ। ਚੋਣ ਕਮਿਸ਼ਨ ਦੀ ਮਿਲੀ ਭੁਗਤ ਨਾਲ ਇਸ ਸਾਰੀ ਸਾਜਸ਼ ਤਹਿਤ ਲੋਕ ਰਾਏ ਨੂੰ ਕਤਲ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਲਈ ਦੇਸ ਦੇ ਲੋਕਾਂ ਵਿੱਚ ਇੱਕ ਅਸੁਰੱਖਿਆ ਦੀ ਭਾਵਨਾ ਵਧ ਗਈ ਹੈ। 25 ਤੋਂ ਵੱਧ ਰਾਜਨੀਤਕ ਪਾਰਟੀਆਂ ਨੇ ਚੋਣ ਕਮਿਸ਼ਨ ਨੂੰ ਮਿਲ ਕੇ ਖਦਸ਼ੇ ਜਾਹਰ ਕੀਤੇ ਹਨ ਅਤੇ ਕੁਲ ਗਿਣਤੀ ਤੋਂ ਪਹਿਲਾਂ ਪੰਜ ਈ ਵੀ ਐਮ ਦੀਆਂ ਵੋਟਾਂ ਦਾ ਵੀ ਵੀ ਪੈਟ ਨਾਲ ਮਿਲਾਣ ਕਰਨ ਲਈ ਕਿਹਾ ਹੈ ਤਾਂ ਕਿ ਕਿਸੇ ਕਿਸਮ ਦਾ ਸੰਦੇਹ ਨਾ ਹੋਵੇ। ਕਈ ਥਾਵਾਂ ਤੇ ਈ ਵੀ ਐਮ ਬਦਲਣ ਦੀਆਂ ਖਬਰਾਂ ਵੀ ਆ ਰਹੀਆਂ ਹਨ। ਯੂ ਪੀ ਦੇ ਸੰਦੌਲੀ ਹਲਕੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਬਾਹੂ ਬਲੀਆਂ ਨੇ ਬਸਤੀਆਂ ਵਾਲੇ ਗਰੀਬ ਲੋਕਾਂ ਦੇ ਘਰਾਂ ਵਿੱਚ ਜਾ ਕੇ ਉਂਗਲਾਂ ਤੇ ਸਿਆਹੀ ਲਾ ਦਿਤੀ। ਪੰਜ ਪੰਜ ਸੌ ਰੁਪਈਏ ਦੇ ਦਿਤੇ ਅਤੇ ਕਿਹਾ ਤੁਹਾਡੀ ਵੋਟ ਪੈ ਗਈ। ਇਸ ਤਰਾਂ ਕੋਈ ਪੈਂਤੀ ਹਜ਼ਾਰ ਵੋਟ ਭੁਗਤਾਉਣ ਦਾ ਅੰਦਾਜ਼ਾ ਹੈ।ਉਹਨਾਂ ਲੋਕਾਂ ਨੇ ਪ੍ਰੈਸ ਸਾਹਮਣੇ ਇਸ ਦੀ ਸ਼ਿਕਾਇਤ ਚੋਣ ਕਮਿਸ਼ਨ ਕੋਲ ਕੀਤੀ ਪਰ ਉਸ ਨੇ ਕੋਈ ਨੋਟਿਸ ਨਹੀਂ ਲਿਆ। ਇਹ ਇਕ ਗੰਭੀਰ ਚੋਣ ਉਲੰਘਣਾ ਹੈ। ਇਹਨਾਂ ਸੱਭ ਗੱਲਾਂ ਤੋਂ ਚੋਣ ਕਮਿਸ਼ਨ ਦੀ ਨਿਰਪਖਤਾ ਤੇ ਸਵਾਲ ਉਠਦੇ ਹਨ। ਜੇ ਗੱਲਾਂ ਵਿੱਚ ਸਚਾਈ ਹੈ ਤਾਂ ਭਾਰਤ ਦੀ ਡੈਮੋਕਰੇਸੀ ਨੂੰ ਗੰਭੀਰ ਕਤਰਾ ਹੈ। ਦੇਸ ਦੀ ਅਨੇਕਤਾ ਵਿੱਚ ਏਕਤਾ, ਲਿਖਣ, ਬੋਲਣ,ਧਾਰਮਿਕ, ਆਰਥਿਕ, ਸਿਖਿਆ ਨਿਜੀ ਸੁਰੱਖਿਆ ਜਿਹੇ ਬੁਨਿਆਦੀ ਅਧਿਕਾਰਾਂ ਦਾ ਹਨਨ ਹੋਵੇਗਾ ਅਤੇ ਦੇ ਅੰਧਕਾਰ ਵੱਲ ਚਲਾ ਜਾਏਗਾ।

## ਜੇ ਆਈ ਪਤਝੜ ਤਾਂ ਫੇਰ ਕੀ ਹੈ ਨਵਜੋਤ, ਤੂੰ ਨਵਜੋਤ ਈ ਰਹੀਂ

ਕਦੇਅਸਾਂ ਹਾਕੀ ਦੇ ਖਿਡਾਰੀ ਪਰਗਟ ਸਿੰਘ ਨੂੰਕਿਹਾ ਸੀ, “ਪਰਗਟ, ਤੂੰ ਪਰਗਟ ਈ ਰਹੀਂ।” ਸ਼ੁਕਰ ਕੀਤਾ ਉਹ ਪਰਗਟ ਈ ਰਿਹਾ। ਉਹੋ ਕੁਝ ਅੱਜ ਕ੍ਰਿਕਟ ਦੇ ਖਿਡਾਰੀ ਨਵਜੋਤ ਸਿੰਘ ਸਿੱਧੂ ਨੂੰ ਕਹਿਨੇ ਆਂ, “ਨਵਜੋਤ, ਤੂੰ ਨਵਜੋਤ ਈ ਰਹੀਂ।”

ਖੇਡ ਪ੍ਰੇਮੀਆਂ ਨੂੰ ਖ਼ੁਸ਼ੀ ਹੈ ਕਿ ਸਿੱਧੂ ਸੱਚਾ ਸਪੋਰਟਸਮੈਨ ਹੈ। ਸੱਚਾ ਸਪੋਰਟਸਮੈਨ ਵਿਰੋਧੀ ਟੀਮ ਨਾਲ ਰਲ ਮਿਲ ਕੇ ਨਹੀਂ ਸਗੋਂ ਦਿਲ ਗੁਰਦੇ ਨਾਲ ਸੁਥਰੀ ਖੇਡ ਖੇਡਦੈ ਅਤੇ ਕਿਸੇ ਲੋਭ ਲਾਲਚ ਵਿਚ ਨਹੀਂ ਆਉਂਦਾ। ਪੰਜਾਬ ਨੂੰ ਆਪਣੇ ਇਸ ਪੁੱਤਰ ਤੋਂ ਬਹੁਤ ਆਸਾਂ ਉਮੀਦਾਂ ਹਨ। ਪੰਜਾਬ ਦੀਜਨਤਾ ਉਸ ਨੂੰ ਭਵਿੱਖ ਦੇ ਮੁੱਖ ਮੰਤਰੀ ਵਜੋਂ ਵੇਖ ਰਹੀ ਹੈ। ਉਸ ਨੇ ਹੁਣ ਤਕ ਜੋ ਕੁਝ ਕੀਤੈ ਉਹਦੇ ਤੋਂ ਜਾਪਦੈ ਪੰਜਾਬ ਦਾ ਭਵਿੱਖ ਅਜਿਹੇ ਈਮਾਨਦਾਰਤੇ ਧੜੱਲੇਦਾਰ ਲੀਡਰ ਹੀ ਸੰਵਾਰ ਸਕਦੇ ਹਨ। ਅਜੇ ਤਕ ਉਹਦੇ ’ਤੇ ਕਿਸੇ ਵੱਢੀ ਠੋਰੀ ਦਾ ਕੋਈ ਦਾਗ ਨਹੀਂ ਲੱਗਾ। ਜੇ ਚਾਹੁੰਦਾ ਤਾਂ ਉਹਵੀ ਸਿਆਸੀ ਧੰਦਾ ਕਰਨ ਵਾਲੇ ਕਈ ਹੋਰਨਾਂ ਨੇਤਾਵਾਂ ਵਾਂਗ ਬੋਰੀਆਂ ਭਰ ਸਕਦਾ ਸੀ ਪਰ ਉਹ ਪੰਜ ਦਵੰਜੀ ਦੇ ਚੱਕਰਾਂ ਵਿਚ ਨਹੀਂ ਪਿਆ। ਕੋਈ ਮਾਫੀਆ ਨਹੀਂ ਬਣਾਇਆ।

ਪਰਿਵਾਰ ਦੀਆਂ ਜੇਬਾਂ ਭਰਨ ਭਰਾਉਣ ਦੀ ਥਾਂਉਹ ਆਪਣੀਆਂ ਜੇਬਾਂ ਖਾਲੀ ਕਰ ਰਿਹੈ। ਲੋੜਵੰਦਾਂ ਨੂੰ ਖੜ੍ਹੇ ਪੈਰ ਸਹਾਇਤਾ ਦੇ ਰਿਹੈ। ਹਾਲਾਂਕਿ ਉਹ ਨਾਕੋਈ ਰਜਵਾੜਾ ਹੈ, ਨਾ ਜਗੀਰਦਾਰ। ਉਹਦੀ ਪਤਨੀ ਤੇ ਪੁੱਤਰ ਨੂੰ ਸਰਕਾਰ ਨੇ ਉਨ੍ਹਾਂ ਦੀ ਕਾਬਲੀਅਤ ਅਨੁਸਾਰਸਰਕਾਰੀ ਅਹੁਦੇ ਦਿੱਤੇ ਪਰ ਪਰਿਵਾਰ ਨੇ ਵਾਪਸ ਕਰ ਦਿੱਤੇ ਕਿ ਅਸੀਂ ਲੋਕ ਸੇਵਾ ਲਈ ਸਿਆਸਤ ਵਿਚ ਆਏ ਹਾਂ ਮੇਵੇ ਲੈਣ ਲਈ ਨਹੀਂ।ਅਜਿਹਾ ਕਰ ਕੇ ਉਸ ਨੇ ਧੰਨਵਾਨ ਸਿਆਸੀ ਨੇਤਾਵਾਂ ਨੂੰ ਚੈਲੰਜ ਦਿੱਤਾ ਸੀ ਪਈਜੇ ‘ਰਾਜ ਨਹੀਂ ਸੇਵਾ’ ਕਰਨ ਦਾ ਚਾਓ ਹੈ ਤਾਂ ਆਓ ਨਿੱਜੀ ਪਰਿਵਾਰ ਪ੍ਰਸਤੀ ਛੱਡ ਕੇ ਲੋਕਾਂ ਦੀ ਨਿਸ਼ਕਾਮ ਸੇਵਾ ਕਰੀਏ।

ਨਵਜੋਤ ਸਿੱਧੂ ਜੁਝਾਰੂ ਖਿਡਾਰੀ ਹੈ। ਹਾਰ ਸਹਿਣੀ ਤੇ ਜਿੱਤ ਪਚਾਉਣੀ ਜਾਣਦੈ। ਇਸੇ ਕਰਕੇ ਔਖੀਆਂ ਘੜੀਆਂ ’ਚ ਵੀ ਡੋਲਣੋਂ ਬਚਜਾਂਦਾ ਰਿਹੈ। ਵੱਡੇ ਅਹੁਦਿਆਂ ਨੂੰ ਲੱਤ ਮਾਰਨ ਦਾ ਜੇਰਾਰੱਖਦੈ। ਅਣਖੀਲਾ ਹੋਣ ਕਰਕੇ ਅਨਿਆਂ ਅੱਗੇ ਸਿਰ ਚੁੱਕਦੈ। ਡਾਢਿਆਂ ਨਾਲ ਪੰਗਾ ਲੈਂਦੈ। ਕਦੇ ਕਦੇ ਬੋਲ ਕਬੋਲ ਵੀ ਕਰ ਬੈਠਦੈ। ਉਂਜ ਗੱਲਾਂ ਪਤੇ ਦੀਆਂ ਕਰਦੈ। ਉਤੋਂ ਉਤੋਂ ਨਹੀਂ ਢਿੱਡ ’ਚੋ ਬੋਲਦੈ। ਲੈਕਚਰ ਐਸਾ ਜੋਸ਼ੀਲਾ ਕਰਦੈ ਕਿ ਕਿਸੇ ਨੂੰ ਚੁੱਕਣ ਲੱਗੇ ਤਾਂ ਅਸਮਾਨ ’ਤੇ ਚਾੜ੍ਹ ਦਿੰਦੈ, ਡੇਗਣ ਲੱਗੇ ਤਾਂ ਪਤਾਲ ’ਚ ਪਟਕਾ ਮਾਰਦੈ। ਸ਼ਿਅਰੋ-ਸ਼ਾਇਰੀ, ਚੁਟਕਲਿਆਂ ਤੇ ਅਖਾਣਾਂਮੁਹਾਵਰਿਆਂ




ਨਾਲ ਲੈਸ ਧੂੰਆਂਧਾਰ ਭਾਸ਼ਨ ਦਿੰਦੈ। ਠੋਕੋ ਤਾਲੀ ਤੇ ਚੱਕ-ਲੋ ਚੱਕ-ਲੋ ਵੀ ਕਰਦਾ ਕਰਵਾਉਂਦੈ। ਵਿਰੋਧੀਆਂ ’ਤੇ ਵਿਅੰਗ-ਬਾਣ ਛੱਡਣੋ ਵੀ ਬਾਜ ਨਹੀਂ ਆਉਂਦਾ। ਕਿਰਦਾਰ, ਗੁਫ਼ਤਾਰ ਤੇ ਦਸਤਾਰ ਵੱਲੋਂ ਪੰਜਾਬੀਆਂ ਦਾ ਰੋਲ ਮਾਡਲ ਬਣ ਗਿਆ ਹੋਇਐ।

ਉਹਦੀ ਮੁੱਢਲੀ ਮਸ਼ਹੂਰੀ ਕ੍ਰਿਕਟ ਦੀ ਖੇਡ ਵਿਚ ਮਾਰੇ ਚੌਕੇ ਛਿੱਕਿਆਂ ਨਾਲ ਹੋਈ ਸੀ। ਫਿਰ ਕ੍ਰਿਕਟ ਦੀ ਫਰਾਟੇਦਾਰ ਕੁਮੈਂਟਰੀ ਤੇ ਟੀਵੀ ਦੇ ਹਾਸਰਸੀ ਸ਼ੋਆਂ ਨਾਲ ਉਹਦੀ ਮਹਿਮਾਂ ਦਾ ਕੋਈ ਹੱਦ ਬੰਨਾ ਨਾ ਰਿਹਾ। ਨਾਵੇਂ ਵੱਲੋਂ ਵੀ ਤੇ ਨਾਮਣੇ ਵੱਲੋਂ ਵੀ। ਸਿਆਸਤ ਵਿਚ ਤਾਂ ਉਹਸਬੱਬੀਂ ਖਿੱਚਿਆ ਗਿਆ। ਐਸਾ ਖਿੱਚਿਆ ਗਿਆ ਕਿ ਨਾ ਫਿਰ ਉਸ ਨੂੰ ਸਿਆਸਤ ਦੇ ਕੰਬਲ ਨੇ ਛੱਡਿਐ ਤੇ ਨਾ ਉਹ ਕੰਬਲ ਨੂੰ ਛੱਡਣ ਜੋਗਾ ਰਿਹਾ। ਬੇਸ਼ਕ ਉਸ ਨੇ ਸਿਆਸਤ ਦੀਆਂ ਕਈ ਪਾਰੀਆਂ ਖੇਡ ਲਈਆਂ ਨੇ ਪਰ ਫਾਈਨਲ ਮੈਚ ਖੇਡਣਾ ਅਜੇ ਬਾਕੀ ਹੈ। ਜਿਵੇਂ ਉਹ ਜੋਸ਼ ਨਾਲ ਚੜ੍ਹ ਕੇ ਖੇਡ ਰਿਹੈ, ਇਵੇਂ ਆਊਟ ਹੋਣ ਦਾ ਅੰਦੇਸ਼ਾ ਹੈ। ਜੇਕਰ ਕਰੀਜ਼ ’ਤੇ ਜੰਮਿਆ ਰਿਹਾ ਤਾਂ ਮੈਨ ਆਫ਼ ਦੀ ਮੈਚ ਵੀ ਬਣ ਸਕਦੈ। ਬਿਨਾਂ ਸ਼ੱਕ ਦਰਸ਼ਕ ਉਸ ਨੂੰ ਮੈਨ ਆਫ਼ ਦੀ ਮੈਚ ਬਣਿਆ ਵੇਖਣਾ ਚਾਹੁੰਦੇ ਹਨ। ਚਾਹੁੰਦੇ ਹਨ ਕਿ ਹੰਨੇ ਜਾਂ ਬੰਨੇ ਖੇਡਣ ਦੀ ਥਾਂ ਹਾਲੇਬਚਬਚਾਅ ਕੇ ਖੇਡੇ। ਆਉਂਦੇ ਦਿਨਾਂ ’ਚ ਸਿਆਸੀ ਖੇਡ ਦਾ ਉਹ ਸਿਖਰਲਾ ਪਲ ਆ ਰਿਹੈ ਜਦੋਂ ਉਹਨੂੰ ਆਲ ਆਊਟ ਖੇਡਣਾ ਪੈ ਸਕਦੈ। ਉਦੋਂ ਜੇ ਉਹ ਆਊਟ ਹੋ ਵੀ ਜਾਵੇ ਤਾਂ ਘਬਰਾਵੇ ਨਾ। ਉਦੋਂ ਹੋਣਹਾਰ ਖਿਡਾਰੀਆਂ ਦੀ ਹੋਣਹਾਰ ਟੀਮ ਉਸ ਨੂੰ ਜੀ ਆਇਆਂ ਕਹਿਣ ਨੂੰ ਤਿਆਰ ਹੋਵੇਗੀ ਅਤੇ ਉਹ ਪੁਰਾਣੀਆਂ ਟੀਮਾਂ ਦੇ ਕਪਤਾਨਾਂ ਵੱਲੋਂ ਰਲ ਮਿਲ ਕੇ ਖੇਡਣ ਦੇ ਬਾਵਜੂਦ ਤਕੜੀ ਸਾਬਤ ਹੋਵੇਗੀ।

ਪਿਛੇ ਜਿਹੇ ਅੰਮ੍ਰਿਤਸਰ’ਚ ਇਕ ਅਵਾਰਾ ਸਾਨ੍ਹ ਉਹਦੇ ਮਗਰ ਪੈ ਗਿਆ ਸੀ ਪਰ ਉਹ ਬਿਨਾਂ ਸੱਟ ਫੇਟ ਖਾਧੇ ਬਚ ਗਿਆ। ਹਾਲੇ ਵੀ ਉਹ ਅਵੇਸਲਾ ਨਾ ਹੋਵੇ। ਅਜੇ ਉਹਦੀ ਪਾਰਟੀ ਦੇ ਕਈ ਮਾਰਖੰਡੇ ਸਾਨ੍ਹ ਉਹਦੇ ਮਗਰ ਪੈਣੇ ਹਨ। ਉਨ੍ਹਾਂ ਦੀਆਂ ਢੁੱਡਾਂ ਨੂੰ ਉਨ੍ਹਾਂ ਦੇ ਆਕਾਵਾਂ ਨੇ ਅਨੁਸਾਸ਼ਨ ਤੋੜਨਾ ਨਹੀਂ ਕਹਿਣਾ। ਅਨੁਸਾਸ਼ਨ ਤੋੜਨ ਦਾ ਤੋੜਾ ਤਾਂ ਸਿੱਧੂ ਵਰਗੇ ਈਮਾਨਦਾਰ ਸਪੋਰਟਸਮੈਨ’ਤੇ ਹੀ ਟੁੱਟਣੈ। ਸਿਆਣੇ ਸੱਚ ਕਹਿੰਦੇ ਹਨ ਕਿ ਢੁੱਡਾਂ ਚੰਗੇ ਭਲੇ ਬੰਦਿਆਂ ਨੂੰ ਈ ਖਾਣੀਆਂ ਪੈਂਦੀਐਂ। ਮੇਰਾ ਖੇਡਾਂ ਤੇ ਖਿਡਾਰੀਆਂ ਨਾਲ ਇਸ਼ਕ ਹੀ ਅਜਿਹਾ ਹੈ ਕਿਸੇ ਵੀਚੰਗੇ ਭਲੇਖਿਡਾਰੀ ਬਾਰੇ ਕੁਝ ਲਿਖੇ ਬਿਨਾਂ ਨਹੀਂ ਰਿਹਾ ਜਾਂਦਾ।

ਨਵਜੋਤ ਸਿਆਂ, ਸ਼ੁਕਰ ਐ ਤੇਰਾ ਅੰਮ੍ਰਿਤਸਰ ਦੇ ਆਵਾਰਾ ਸਾਨ੍ਹ ਤੋਂ ਬਚਾਅ ਹੋ ਗਿਆ। ਤੇਰੇ ਪਰਿਵਾਰ ਨੂੰ ਪਾਏ ਸਰਕਾਰੀ ਚੋਗੇ ’ਚੋਂ ਵੀ ਤੂੰ ਪਰਿਵਾਰ ਨੂੰ ਬਚਾ ਲਿਆ। ਜਾਲ ਤਣ ਲਿਆ ਗਿਆ ਸੀ ਪਰ ਤੂੰ ਫੰਧੇ ਵਿਚ ਨਹੀਂ ਫਸਿਆ। ਸਾਡੇ ਕੋਲ ਸਿਆਸੀ ਕੋਚਿੰਗ ਦਾ ਤਾਂ ਕੋਈ ਗੁਰ ਮੰਤਰ ਨਹੀਂ। ਪਰ ਇਕ ਗੁਰ ਜ਼ਰੂਰ ਦੱਸ ਦਿੰਨੈ ਆਂ ਕਿ ਖੁੰਢ ਸਿਆਸੀ ਸਾਨ੍ਹਾਂ



-ਪ੍ਰਿੰ. ਸਰਵਣ ਸਿੰਘ-

ਤੋਂ ਸਦਾ ਸੁਚੇਤ ਰਹੀਂ। ਇਹ ਰਲ ਮਿਲ ਕੇ ਬੜੀ ਗੁੱਝੀ ਢੁੱਡ ਮਾਰਦੇ ਨੇ। ਪਤਾ ਉਦੋਂ ਲੱਗਦੈ ਜਦੋਂ ਕਹਿੰਦਾ ਕਹਾਉਂਦਾ ਬੰਦਾ ਵੀ ਨਾ ਏਧਰ ਦਾ ਰਹਿੰਦੈ ਨਾ ਓਧਰ ਦਾ। ਨਾਲੇ ਆਪਾਂ ਤਾਂ ਅਜੇ ‘ਆਵਾਜ਼-ਏ-ਪੰਜਾਬ’ ਵੀ ਬਣਨੈ। ਇਸ ਲਈ ਨਵਜੋਤ, ਤੂੰ ਨਵਜੋਤ ਹੀ ਰਹੀਂ।1917 ਵਾਲੀ ਤੇਰੀ ‘ਆਵਾਜ਼-ਏ-ਪੰਜਾਬ’ ਟੀਮ ਦਾ ਮਾਟੋ ਹੀ ਮੁੜ ਯਾਦ ਕਰਾਉਂਦੇ ਹਾਂ:


ਜੇ ਆਈ ਪਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ ’ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ

## ਗੁਫਾਵਾਂ ਵਿੱਚ ਚਿੰਤਨ ਅਤੇ ਮੁਲਕ ਦੀਆਂ ਸਮੱਸਿਆਵਾਂ

-ਜਸਵੰਤ ਜੀਰਖ-

ਧਰਮਾਂ ਦੇ ਨਾਂ ਉੱਤੇ ਪ੍ਰਚਾਰਿਆ ਜਾਂਦਾ ਝੂਠ, ਰਾਜ ਕਰਦੀ ਲੁਟੇਰੀ ਜਮਾਤ ਅਤੇ ਧਰਮਾਂ ਦੇ ਨਾਂ ਉੱਤੇ ਚਲਾਏ ਜਾਂਦੇ ਵਪਾਰ ਦੇ ਐਨ ਫਿੱਟ ਬੈਠਦਾ ਹੈ। ਇਸੇ ਕਰਕੇ ਜਦੋਂ ਕਿਸੇ ਧਾਰਮਿਕ ਮੰਨਤ ਨੂੰ ਵਿਗਿਆਨਿਕ ਤੌਰ ਉੱਤੇ ਰੱਦ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਧਰਮੀ ਕਹਾਉਣ ਵਾਲੇ ਆਪਣੇ ਧਰਮ ਦੀ ਤੌਹੀਨ ਆਖ ਕੇ ਰੌਲਾ ਪਾਉਂਦੇ ਹਨ ਅਤੇ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਦੁਹਾਈ ਪਾ ਦਿੰਦੇ ਹਨ। ਰਾਜ ਕਰਦੀ ਸ਼੍ਰੇਣੀ ਨੇ ਪਹਿਲਾਂ ਹੀ ਧਰਮ ਸੁਰੱਖਿਅਤ ਰੱਖਣ ਲਈ ਅਜਿਹੇ ਕਾਨੂੰਨ ਬਣਾਏ ਹੋਏ ਹਨ, ਜਿਨ੍ਹਾਂ ਨੂੰ ਧਰਮ ਦੀਆਂ ਝੂਠੀਆਂ ਮਾਨਤਾਵਾਂ ਦਾ ਖੰਡਨ ਕਰਨ ਵਾਲਿਆਂ ਖਿਲਾਫ ਵਰਤ ਕੇ ਧਰਮਾਂ ਵੱਲੋਂ ਫੈਲਾਏ ਜਾਂਦੇ ਅੰਧ-ਵਿਸ਼ਵਾਸ ਕਾਇਮ ਰੱਖੇ ਜਾਂਦੇ ਹਨ। ਇਕ ਕਦਮ ਹੋਰ ਅੱਗੇ ਜਾਂਦਿਆਂ ਪ੍ਰਧਾਨ ਮੰਤਰੀ ਆਪਣੀ ਆਸਥਾ ਦੇ ਨਾਂ ਹੇਠ ਮੰਦਰਾਂ ਦੀ ਪੂਜਾ ਦੁਆਰਾ ਅਤੇ ਵਿਸ਼ੇਸ਼ ਸਹੂਲਤਾਂ ਨੂੰ ਮੁੱਖ ਰੱਖ ਕੇ ਬਣਾਈਆਂ ਗੁਫਾਵਾਂ ਵਿੱਚ ਬੈਠ ਕੇ, ਅੰਤਰ ਧਿਆਨ ਹੋ ਕੇ ਭਗਤੀ ਕਰ ਚੁੱਕੇ ਹਨ। ਉਹ ਅਜਿਹਾ ਕਰਕੇ ਦੁਬਾਰਾ ਸੱਤਾ ਵਿੱਚ ਆਉਣ ਦੇ ਸੁਪਨੇ ਸਾਕਾਰ ਹੋਣ ਦੀ ਆਸ ਰੱਖਦੇ ਹਨ। ਇਸ ਤੋਂ ਸਾਫ ਹੈ ਕਿ ਉਨ੍ਹਾਂ ਨੂੰ ਦੇਸ਼ ਵਾਸੀਆਂ ਉਤੇ ਵਿਸ਼ਵਾਸ ਨਹੀਂ, ਸਗੋਂ ਪੱਥਰ ਦੀਆਂ ਮੂਰਤੀਆਂ ਅਤੇ ਗੁਫਾਵਾਂ ਉਪਰ ਵੱਧ ਵਿਸ਼ਵਾਸ ਹੈ, ਜੋ ਕਿਰਤੀ ਲੋਕਾਂ ਨੇ ਹੀ ਬਣਾਈਆਂ ਹਨ।

ਦੂਜੇ ਪਾਸੇ ਜੇ ਵਿਗਿਆਨਿਕ ਨਜ਼ਰੀਏ ਤੋਂ ਮਨੁੱਖ ਦੇ ਅੱਜ ਤੱਕ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖ ਨੇ ਸਮੁੱਚਾ ਵਿਕਾਸ ਗੁਫਾਵਾਂ ਵਿੱਚੋਂ ਬਾਹਰ ਆ ਕੇ ਕੀਤਾ ਹੈ। ਜੇ ਸਾਡੇ ਪੁਰਖੇ ਇਨ੍ਹਾਂ ਗੁਫਾਵਾਂ ਅੰਦਰ ਬੈਠੇ ਰਹਿੰਦੇ ਤਾਂ ਅੱਜ ਤੱਕ ਦਾ ਮਨੁੱਖੀ ਵਿਕਾਸ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ, ਪਰ ਪ੍ਰਧਾਨ ਮੰਤਰੀ ਜੀ ਉਲਟਾ ਮਨੁੱਖੀ ਵਿਕਾਸ ਦਾ ਖੇਤਰ ਛੱਡ ਕੇ, ਪਿੱਛੇ ਵੱਲ ਪਰਤ ਕੇ ਪਤਾ ਨਹੀਂ ਕਿਹੜੇ ਫਾਰਮੂਲਾ ਲੱਭ ਕੇ ਲਿਆਉਣ ਵਾਲੇ ਹਨ? ਜੇ ਇਸ ਤਰ੍ਹਾਂ ਦੀਆਂ ਆਸਥਾਵਾਂ ਨੂੰ ਵੋਟਾਂ ਹਥਿਆਉਣ ਲਈ ਵਰਤਣ ਨਾਲ ਮਸਲੇ ਹੱਲ ਹੋ ਜਾਂਦੇ ਤਾਂ ਚੋਣਾਂ ਉਪਰ ਕਰੋੜਾਂ ਖਰਚ ਕੇ, ਨਸ਼ੇ ਵੰਡ ਕੇ ਲੋਕਾਂ ਦੇ ਮਿੰਨਤਾਂ ਤਰਲੇ ਕਰਨ ਦੀ ਕੀ ਲੋੜ ਹੈ? ਜੇ ਗੁਫਾਵਾਂ ਵਿੱਚ ਬੈਠ ਕੇ ਅੰਤਰ



ਧਿਆਨ ਹੋਣ ਨਾਲ ਕੋਈ ਪ੍ਰਾਪਤੀ ਹੋ ਸਕਦੀ ਹੈ ਤਾਂ ਸਾਇੰਸ ਦੀਆਂ ਪ੍ਰਾਪਤੀਆਂ ਨਾਲ ਹਾਸਲ ਹੋਈਆਂ ਸੁੱਖ ਸਹੂਲਤਾਂ ਨੂੰ ਉਨ੍ਹਾਂ ਗੁਫਾਵਾਂ ਵਿੱਚ ਕਿਉਂ ਵਰਤਿਆ ਜਾਂਦਾ ਹੈ? ਮੀਡੀਆ ਰਾਹੀਂ ਇਹ ਪਤਾ ਲੱਗਾ ਹੈ ਕਿ ਅਜੇ ਇਕ ਗੁਫਾ ਦਾ ਨਿਰਮਾਣ ਹੋਇਆ ਹੈ, ਇਸ ਤਰ੍ਹਾਂ ਦੀਆਂ ਕੁੱਲ ਪੰਜ ਗੁਫਾਵਾਂ ਬਣਾਉਣੀਆਂ ਹਨ, ਜੋ ਆਧੁਨਿਕ ਸੁੱਖ ਸਹੂਲਤਾਂ ਨਾਲ ਲੈਸ ਹੋਣਗੀਆਂ। ਕੀ ਇਸੇ ਨੂੰ ਨਵੇਂ ਭਾਰਤ ਦੇ ਨਿਰਮਾਣ ਦਾ ਨਾਮ ਦਿੱਤਾ ਜਾ ਰਿਹਾ ਹੈ?

ਇਸ ਦੌੜ ਵਿੱਚ ਪ੍ਰਧਾਨ ਮੰਤਰੀ ਦੇ ਜੋਟੀਦਾਰ ਅਮਿਤ ਸ਼ਾਹ ਅਤੇ ਰਾਹੁਲ ਗਾਂਧੀ ਵੀ ਪਿੱਛੇ ਨਹੀਂ, ਉਨ੍ਹਾਂ ਵੀ ਵੱਖ-ਵੱਖ ਮੰਦਰਾਂ ਤੋਂ ਅਸ਼ੀਰਵਾਦ ਲੈਣ ਦੀ ਆਸਥਾ ਨੂੰ ਕਾਇਮ ਰੱਖਣ ਦੇ ਬਹਾਨੇ ਲੋਕਾਂ ਦੀ ਨਜ਼ਰ ਵਿੱਚ ਬੜੇ ਦਿਆਨਤਦਾਰ ਹੋਣ ਦਾ ਪੈਂਤੜਾ ਵਰਤਣ ਲਈ ਕੋਈ ਕਸਰ ਨਹੀਂ ਛੱਡੀ। ਲੋਕਾਂ ਲਈ ਸਵਾਲ ਇਹ ਹੈ ਕੀ ਇਸ ਤਰ੍ਹਾਂ ਕਰਨ ਨਾਲ ਕਿਸੇ ਦੀਆਂ ਇੱਛਾਵਾਂ ਦੀ ਪੂਰਤੀ ਹੋ ਸਕਦੀ ਹੈ? ਜੇ ਸਿਆਸਤਦਾਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਖਤਮ ਕਰਨ ਪੱਖੋਂ ਨਾਕਾਮ ਰਹਿਣ ਪਿੱਛੋਂ ਆਪੋ ਆਪਣੀ ਜਿੱਤ ਪ੍ਰਾਪਤੀ ਲਈ ਇਸ ਤਰ੍ਹਾਂ ਧਰਮਾਂ ਨੂੰ ਵਰਤ ਕੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਵਰਤਦੇ ਰਹਿਣਗੇ ਤੇ ਲੋਕ ਇਸੇ ਤਰ੍ਹਾਂ ਦੇਖਦੇ ਸੁਣਦੇ ਰਹਿਣਗੇ ਤਾਂ ਇਹ ਮੁਲਕ ਦੀ ਤਰੱਕੀ ਲਈ ਘਾਤਕ ਸਿੱਧ ਹੋਵੇਗਾ।

ਇਸ ਤਰ੍ਹਾਂ ਦੇ ਜੋ ਵਰਤਾਰੇ ਦੇਖਣ ਨੂੰ ਮਿਲੇ ਹਨ, ਇਨ੍ਹਾਂ ਨਾਲ ਲੋਕਾਂ ਦੀ ਕੋਈ ਸਮੱਸਿਆ ਹੱਲ ਨਹੀਂ ਹੋ ਸਕਦੀ। ਇਕ ਪਾਸੇ ਮੁਲਕ ਦੇ ਬਹੁਗਿਣਤੀ ਲੋਕ ਦੋ ਡੰਗ ਦੀ ਰੋਟੀ ਤੋਂ ਸੱਖਣੇ ਹਨ, ਦੂਜੇ ਪਾਸੇ ਕਰੋੜਾਂ ਰੁਪਿਆ ਸਾਧਨਾ ਤੇ ਚਿੰਤਨ ਕਰਨ ਦੇ ਨਾਂ ਉਤੇ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ। ਕੈਮਰੇ ਤੇ ਹੋਰ ਸਰਕਾਰੀ ਅਮਲੇ ਫੈਲੇ ਨੂੰ ਨਾਲ ਲੈ ਕੇ ਜਾਣਾ, ਹਰ ਪਲ ਨੂੰ ਮੀਡੀਆ ਵਿੱਚ ਦਿਖਾਉਣ ਦੇ ਪ੍ਰਬੰਧ ਕਰਕੇ ਅਜਿਹੇ ਸਿਆਸਤਦਾਨ ਲੋਕਾਂ ਦੀ ਕਿਹੜੀ ਸਮੱਸਿਆ ਦਾ ਹੱਲ ਕਰਨਾ ਚਾਹੁੰਦੇ ਹਨ? ਕੀ ਪ੍ਰਧਾਨ ਮੰਤਰੀ ਜੀ ਦੱਸ ਸਕਦੇ ਹਨ ਕਿ ਉਨ੍ਹਾਂ ਦੀ ਇਸ ਸਾਧਨਾ ਨਾਲ ਮੁਲਕ ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਵਰਗੀ ਬਿਮਾਰੀ ਅਤੇ ਅਜਿਹੀਆਂ ਅਨੇਕਾਂ ਹੋਰ ਬਿਮਾਰੀਆਂ ਤੋਂ ਮੁਕਤ ਹੋ ਜਾਵੇਗਾ?

ਲੋਕਾਂ ਦੀ ਧਾਰਮਿਕ ਆਸਥਾ ਨੂੰ ਵੋਟਾਂ 'ਚ ਬਦਲਣ ਲਈ ਇਸ ਨੂੰ ਇਕ ਹੋਰ ਪੈਂਤੜਾ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਅੱਜ ਲੋੜ ਹੈ, ਲੋਕਾਂ ਦੀਆਂ ਸਮੱਸਿਆਵਾਂ ਬਾਰੇ ਵਿਗਿਆਨਿਕ ਨਜ਼ਰੀਏ ਰਾਹੀਂ ਘੋਖ ਕਰਨ ਦੀ ਅਤੇ ਉਨ੍ਹਾਂ ਦੇ ਸਹੀ ਹੱਲ ਪੇਸ਼ ਕਰਨ ਦੀ। ਕੋਈ ਵੀ ਗੈਰ ਵਿਗਿਆਨਕ ਅਤੇ ਅੰਧਵਿਸ਼ਵਾਸੀ ਮਾਨਤਾ ਰਾਹੀਂ ਕੋਈ ਵੀ ਸਮੱਸਿਆ ਹੱਲ ਨਹੀਂ ਹੋ ਸਕਦੀ। ਸਿਰਫ ਰਾਜ ਕਰਦੀ ਸ਼੍ਰੇਣੀ ਅਜਿਹੇ ਪਾਖੰਡਾਂ ਨੂੰ ਆਪਣੇ ਰਾਜ ਦੀ ਸਲਾਮਤੀ ਲਈ ਵਰਤਦੀ ਰਹੇਗੀ। ਲੋਕਾਂ ਨੂੰ ਇਹ ਸਭ ਕੁਝ ਸਮਝਣ ਦੀ ਲੋੜ ਹੈ।

## ਹਲਕਾ ਫੁਲਕਾ

ਜੱਜ, “ਘਰ ਵਿੱਚ ਮਾਲਕ ਦੇ ਹੁੰਦੇ ਹੋਏ ਤੂੰ ਚੋਰੀ ਕਿਵੇਂ ਕੀਤੀ?”
ਚੋਰ, “ਸਾਹਿਬ, ਤੁਹਾਡੀ ਨੌਕਰੀ ਚੰਗੀ ਹੈ, ਤਨਖਾਹ ਵੀ ਚੰਗੀ ਹੈ, ਤੁਸੀਂ ਇਹ ਸਭ ਸਿੱਖ ਕੇ ਕੀ ਕਰੋਗੇ?”

*********

ਕੁੜੀ ਨੇ ਗਿਫਟ ਦੀ ਦੁਕਾਨ ਵਿੱਚ ਕਾਫੀ ਦੇਰ ਗਿਫਟ ਦੇਖਣ ਤੋਂ ਬਾਅਦ ਇਕ ਗਿਫਟ ਵੱਲ ਇਸ਼ਾਰਾ ਕਰਦਿਆਂ ਪੁੱਛਿਆ, “ਇਹ ਹੱਸਦੀ ਹੋਈ ਚੁੜੇਲ ਕਿੰਨੇ ਦੀ ਹੈ?”
ਦੁਕਾਨਦਾਰ, “ਮੈਡਮ ਜੀ, ਇਹ ਸ਼ੀਸ਼ਾ ਹੈ।”


*********

ਅਧਿਆਪਕ, “ਤੂੰ ਵੱਡਾ ਹੋ ਕੇ ਕਰੇਂਗਾ?”
ਵਿਦਿਆਰਥੀ, “ਵਿਆਹ।”
ਅਧਿਆਪਕ, “ਨਹੀਂ, ਮੇਰਾ ਮਤਲਬ ਹੈ ਕੀ ਬਣੇਂਗਾ?”
ਵਿਦਿਆਰਥੀ, “ਦੁਲਹਾ ਬਣਾਂਗਾ।”
ਅਧਿਆਪਕ, “ਓ ਹੋ, ਕਹਿਣ ਦਾ ਮਤਲਬ ਹੈ ਕਿ ਵੱਡਾ ਹੋ ਕੇ ਤੂੰ ਕੀ ਪ੍ਰਾਪਤ ਕਰੇਂਗਾ?”
ਵਿਦਿਆਰਥੀ, “ਦੁਲਹਨ।”
ਅਧਿਆਪਕ, “ਓਇ, ਮਤਲਬ ਵੱਡਾ ਹੋ ਕੇ ਮੰਮੀ-ਪਾਪਾ ਲਈ ਕੀ ਕਰੇਂਗਾ?”
ਵਿਦਿਆਰਥੀ, “ਨੂੰਹ ਲਿਆਵਾਂਗਾ।”
ਅਧਿਆਪਕ, “ਕੰਬਖਤ, ਤੇਰੇ ਪਾਪਾ ਤੇਰੇ ਤੋਂ ਕੀ ਚਾਹੁੰਦੇ ਹਨ?”
ਵਿਦਿਆਰਥੀ, “ਪੋਤਰਾ।”
ਅਧਿਆਪਕ, “ਓਇ, ਤੇਰੀ ਜ਼ਿੰਦਗੀ ਦਾ ਕੀ ਮਕਸਦ ਹੈ?”
ਵਿਦਿਆਰਥੀ, “ਹਮ ਦੋ ਹਮਾਰੇ ਦੋ।”

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ




ਗੁਰੂ ਪਿਆਰੀ ਸਾਧ ਸੰਗਤ ਜੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 24 ਮਈ ਦਿਨ ਸ਼ੁੱਕਰਵਾਰ ਨੂੰ ਅਖੰਡਪਾਠ ਸਾਹਿਬ ਸਵੇਰੇ 10 ਵਜ੍ਹੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

- ਨਵਦੀਪ ਸਿੰਘ ਸੂਚ : 416-881- 8736
- ਧਰਮਿੰਦਰ ਸਿੰਘ ਸੂਸਾਂ : 416-879-6824
- ਪਰਮਜੀਤ ਸਿੰਘ ਸੂਚ : 416-873-7508
- ਸਰਬਜੀਤ ਸਿੰਘ ਸੂਚ : 416-357-7667
- ਗੁਰਮੇਲ ਸਿੰਘ ਸੂਚ : 905-814-0756

## ਸਪੀਕਰ ਸਾਹਮਣੇ ਪੇਸ਼ੀ ਲਈ ਆਮ ਆਦਮੀ ਪਾਰਟੀ ਦੇ ਵਿਧਾਇਕ ਨਹੀਂ ਪਹੁੰਚੇ

ਚੰਡੀਗੜ੍ਹ, 22 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਚੁੱਕੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਨਾਜਰ ਸਿੰਘ ਮਾਨਸ਼ਾਹੀਆ ਕੱਲ੍ਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਦੇ ਸਾਹਮਣੇ ਪੇਸ਼ ਨਹੀਂ ਹੋਏ ਅਤੇ ਵਿਧਾਨ ਸਭਾ ਤੋਂ ਅਸਤੀਫਾ ਦੇ ਚੁੱਕੇ ਐੱਚ ਐੱਸ ਫੂਲਕਾ ਵੀ ਨਹੀਂ ਗਏ। ਇਸ ਕਾਰਨ ਅੱਗੇ ਦੀ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾਵੇਗੀ। ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਨੇ ਹੋਰ ਸਮਾਂ ਮੰਗਿਆ ਹੈ।

ਪਤਾ ਲੱਗਾ ਹੈ ਕਿ ਭੁਲੱਥ ਹਲਕੇ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਜਦੋਂ ਪਾਰਟੀ ਨੇ ਇਸ ਬਾਰੇ ਵਿਧਾਨ ਸਭਾ ਦੇ ਸਪੀਕਰ ਨੂੰ ਲਿਖਿਆ ਤਾਂ ਖਹਿਰਾ ਨੇ ਖੁਦ ਵੀ ਆਪਣਾ ਅਸਤੀਫਾ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤਾ ਸੀ, ਜਿਹੜਾ ਅਜੇ ਤੱਕ ਸਵੀਕਾਰ ਨਹੀਂ ਹੋਇਆ। ਦੂਜੇ ਪਾਸੇ ਮਾਨਸਾ ਤੋਂ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਖੁਦ ਪਾਰਟੀ ਛੱਡ ਕੇ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਅਤੇ ਉਨ੍ਹਾਂ ਨੇ ਆਪਣਾ ਅਸਤੀਫਾ ਸਪੀਕਰ ਨੂੰ ਭੇਜ ਦਿੱਤਾ ਸੀ। ਉਨ੍ਹਾਂ ਨੇ ਨਿੱਜੀ ਤੌਰ 'ਤੇ ਸਪੀਕਰ ਦੇ ਸਾਹਮਣੇ ਪੇਸ਼ ਹੋਣਾ ਹੈ, ਜਿਸ ਤੋਂ ਬਾਅਦ ਹੀ ਉਨ੍ਹਾਂ ਦਾ ਅਸਤੀਫਾ ਸਵੀਕਾਰ ਹੋਣਾ ਸੀ। ਰੋਪੜ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਵੀ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਉਮੀਦਵਾਰ ਨੂੰ ਆਪਣਾ ਸਮਰਥਨ ਦੇ ਕੇ ਕਾਂਗਰਸ ਵਿੱਚ ਸ਼ਾਮਲ ਹੋ ਜਾਣ ਦਾ ਐਲਾਨ ਕਰ ਦਿੱਤਾ ਸੀ, ਪਰ ਉਹ ਵੀ ਅਜੇ ਤੱਕ ਸਪੀਕਰ ਦੇ ਸਾਹਮਣੇ ਪੇਸ਼ ਨਹੀਂ ਹੋਏ।

ਨਿਯਮਾਂ ਅਨੁਸਾਰ ਜਦ ਤੱਕ ਕੋਈ ਵਿਧਾਇਕ ਨਿੱਜੀ ਤੌਰ ਉਤੇ ਸਪੀਕਰ ਦੇ ਸਾਹਮਣੇ ਪੇਸ਼ ਹੋ ਕੇ ਅਸਤੀਫੇ ਬਾਰੇ ਨਹੀਂ ਕਹਿੰਦਾ, ਤਦ ਤੱਕ ਉਸ ਦਾ ਅਸਤੀਫਾ ਸਵੀਕਾਰ ਨਹੀਂ ਹੁੰਦਾ। ਕੁੱਲ ਮਿਲਾ ਕੇ ਜਿਨ੍ਹਾਂ ਆਪ ਵਿਧਾਇਕਾਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦਿੱਤੇ ਹਨ, ਉਨ੍ਹਾਂ ਨੂੰ ਨਿੱਜੀ ਤੌਰ 'ਤੇ ਸਪੀਕਰ ਸਾਹਮਣੇ ਹਾਜ਼ਰ ਹੋਣਾ ਹੋਵੇਗਾ। ਇਸ ਵਿੱਚ ਅਜੇ ਕੁਝ ਸਮਾਂ ਲੱਗ ਸਕਦਾ ਹੈ। ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਇਹ ਤੈਅ ਹੋਵੇਗਾ ਕਿ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਚੁੱਕੇ ਵਿਧਾਇਕ ਕਦੋਂ ਸਪੀਕਰ ਦੇ ਸਾਹ-ਮਣੇ ਪੇਸ਼ ਹੋਣਗੇ। ਇੱਕ ਵਾਰ ਅਸਤੀਫਾ ਸਵੀਕਾਰ ਹੋਣ ਪਿੱਛੋਂ ਉਨ੍ਹਾਂ ਦੀ ਵਿਧਾਨ ਸਭਾ ਸੀਟ ਖਾਲੀ ਕਰਨ ਲਈ ਸਪੀਕਰ ਵੱਲੋਂ ਨੇ ਕਮਿਸ਼ਨ ਨੂੰ ਲਿਖਣਾ ਹੁੰਦਾ ਹੈ, ਜਿਸ ਤੋਂ ਬਾਅਦ ਉਪ ਚੋਣਾਂ ਕਰਵਾਉਣ ਦੇ ਲਈ ਅਗਲਾ ਰਸਤਾ ਸਾਫ ਹੋ ਸਕਦਾ ਹੈ।

## ਲਾਕਅਪ ਵਿੱਚ ਨੌਜਵਾਨ ਦੀ ਮੌਤ ਪਿੱਛੋਂ ਪੁਲਸ ਨੇ ਲਾਸ਼ ਟਿਕਾਣੇ ਲਾ ਦਿੱਤੀ

ਫਰੀਦਕੋਟ, 22 ਮਈ (ਪੋਸਟ ਬਿਊਰੋ)- ਦੋ ਦਿਨ ਪਹਿਲਾਂ ਐਤਵਾਰ ਨੂੰ ਇਥੋਂ ਦੇ ਸੀ ਆਈ ਏ ਸਟਾਫ ਵਿੱਚ ਇੰਚਾਰਜ ਇੰਸਪੈਕਟਰ ਨਰਿੰ-ਦਰ ਸਿੰਘ ਨੇ ਰਾਈਫਲ ਨਾਲ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰਨ ਦੇ ਕੇਸ ਵਿੱਚ ਵੱਡਾ ਭੇਦ ਖੁੱਲ੍ਹਾ ਹੈ। ਉਸ ਦਿਨ ਸੀ ਆਈ ਏ ਸਟਾਫ ਵਿੱਚ ਇੰਸਪੈਕਟਰ ਦੀ ਖੁਦਕੁਸ਼ੀ ਤੋਂ ਪਹਿਲਾਂ ਉਨ੍ਹਾਂ ਵੱਲੋਂ ਹਿਰਾਸਤ ਵਿੱਚ ਲਏ ਗਏ ਮੁਕਤਸਰ ਦੇ ਪਿੰਡ ਪੰਜਾਬਾ ਦੇ ਨੌਜਵਾਨ ਜਸਪਾਲ ਸਿੰਘ ਉਰਫ ਜਸ ਨੇ ਲਾਕਅਪ ਵਿੱਚ ਫਾਂਸੀ ਲਾ ਕੇ ਜਾਨ ਦੇ ਦਿੱਤੀ ਸੀ। ਇਸ ਮਾਮਲੇ ਨੂੰ ਰਫਾ-ਦਫਾ ਕਰਨ ਲਈ ਪੁਲਸ ਨੇ ਨੌਜਵਾਨ ਦੀ ਲਾਸ਼ ਨੂੰ ਟਿਕਾਣੇ ਲਾ ਦਿੱਤਾ ਅਤੇ ਫਿਰ ਇਸੇ ਗੱਲ ਦੇ ਤਣਾਅ ਵਿੱਚ ਆ ਕੇ ਇੰਸਪੈਕਟਰ ਨੇ ਖੁਦਕੁਸ਼ੀ ਕਰ ਲਈ ਸੀ।



ਮ੍ਰਿਤਕ ਦੀ ਫਾਇਲ ਫੋਟੋ।

ਇਸ ਖੁਲਾਸੇ ਦੇ ਬਾਅਦ ਪੁਲਸ ਨੇ ਨੌਜਵਾਨ ਦੀ ਪੁਲਸ ਲਾਕਅਪ ਵਿੱਚ ਮੌਤ ਦੇ ਕੇਸ ਵਿੱਚ ਮ੍ਰਿਤਕ ਇੰਸਪੈਕਟਰ ਨਰਿੰਦਰ ਸਿੰਘ ਅਤੇ ਉਕਤ ਨੌਜਵਾਨ ਦੇ ਖਿਲਾਫ ਪੁਲਸ ਨੂੰ ਸ਼ਿਕਾਇਤ ਦੇਣ ਵਾਲੇ ਰਣਬੀਰ ਸਿੰਘ ਸਮੇਤ ਕੁਝ ਹੋਰਾਂ ਲੋਕਾਂ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਵੀ ਦਰਜ ਕਰ ਲਿਆ ਹੈ। ਐੱਸ ਐੱਸ ਪੀ ਰਾਜਬਚਨ ਸਿੰਘ ਸੰਧੂ ਨੇ ਦੱਸਿਆ ਕਿ 18 ਮਈ 2019 ਰਾਤ ਸਾਢੇ 9 ਵਜੇ ਪੁਲਸ ਕੰਟਰੋਲ ਰੂਮ 'ਤੇ ਪਿੰਡ ਰੱਤੀਰੋੜੀ ਤੋਂ ਪਰਮਜੀਤ ਸਿੰਘ ਨਾਂਅ ਦੇ ਵਿਅਕਤੀ ਦਾ ਫੋਨ ਆਇਆ ਸੀ, ਜਿਸ ਨੇ ਦੱਸਿਆ ਕਿ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਜਸ ਭੁੱਲਰ, ਰੇਸ਼ਮ ਅਤੇ ਇੱਕ ਹੋਰ ਅਸਲੇ ਤੇ ਚੋਰੀ ਦੇ ਸਕੂਟਰ ਸਮੇਤ ਬੈਠੇ ਸਨ। ਡਿਊਟੀ ਅਫਸਰ ਏ ਐੱਸ ਆਈ ਅੰਗਰੇਜ਼ ਸਿੰਘ ਨੇ ਸੀ ਆਈ ਏ ਸਟਾਫ ਦੇ ਇੰਚਾਰਜ ਇੰਸਪੈਕਟਰ ਨਰਿੰਦਰ ਸਿੰਘ ਨੂੰ ਉਕਤ ਜਾਣਕਾਰੀ ਦਿੱਤੀ, ਜਿਨ੍ਹਾਂ ਨੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਰੇਡ ਕਰਦੇ ਹੋਏ ਉਥੋਂ ਜਸਪਾਲ ਸਿੰਘ ਉਰਫ ਜਸ ਨੂੰ ਹਿਰਾਸਤ ਵਿੱਚ ਲੈ ਲਿਆ। ਐੱਸ ਐੱਸ ਪੀ ਅਨੁਸਾਰ ਜਸਪਾਲ ਸਿੰਘ ਨੂੰ ਸੀ ਆਈ ਏ ਦੇ ਲਾਕਅਪ ਵਿੱਚ ਰੱਖਿਆ ਸੀ, ਜਿੱਥੇ ਉਸ ਨੇ ਰਾਤ ਦੇ ਸਮੇਂ ਫਾਹਾ ਲਾ ਕੇ ਜਾਨ ਦੇ ਦਿੱਤੀ। ਪੁਲਸ ਜਾਂਚ ਤੋਂ ਭੇਦ ਖੁੱਲ੍ਹਾ ਕਿ ਇੰਸਪੈਕਟਰ ਨਰਿੰਦਰ ਸਿੰਘ ਉਸ ਨੌਜਵਾਨ ਦੀ ਲਾਸ਼ ਆਪਣੀ ਗੱਡੀ ਵਿੱਚ ਆਪਣੇ ਨਾਲ ਕਿਤੇ ਲੈ ਗਿਆ ਅਤੇ ਇਸ ਨੂੰ ਕਿਸ ਤਰ੍ਹਾਂ ਅਤੇ ਕਿੱਥੇ ਟਿਕਾਣੇ ਲਗਾਇਆ ਗਿਆ, ਇਸ ਦੀ ਜਾਂਚ ਅਜੇ ਚੱਲ ਰਹੀ ਹੈ। ਇਸ ਦੌਰਾਨ ਮ੍ਰਿਤਕ ਨੌਜਵਾਨ ਦੇ ਪਰਵਾਰ ਨੇ ਖੂਬ ਹੰਗਾਮਾ ਕੀਤਾ ਅਤੇ ਪੁਲਸ ਦੇ ਖਿਲਾਫ ਰੋਸ ਜਤਾਇਆ। ਮ੍ਰਿਤਕ ਦੇ ਪਿਤਾ, ਮਾਮਾ ਅਤੇ ਨਾਨਾ ਸਮੇਤ ਹੋਰ ਪਰਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਜਸਪਾਲ ਸਿੰਘ ਦੀ ਹੱਤਿਆ ਕੀਤੀ ਗਈ ਹੈ।

## ਕੈਪਟਨ ਵਿਰੁੱਧ ਸਿਟੀ ਸੈਂਟਰ ਘੋਟਾਲੇ ਦੀ ਰਿਪੋਰਟ ਬਾਦਲ ਦੇ ਕਹੇ ਉਤੇ ਬਦਲੀ ਗਈ ਸੀ: ਖਹਿਰਾ

### *ਜਵਾਬ ਵਿੱਚ ਸੁਖਬੀਰ ਅਤੇ ਮਜੀਠੀਆ ਦੀ ਲਿਹਾਜ ਦਾ ਦੋਸ਼

ਬਠਿੰਡਾ, 22 ਮਈ (ਪੋਸਟ ਬਿਊਰੋ)- ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਲੁਧਿਆਣਾ ਸਿਟੀ ਸੈਂਟਰ ਘੋਟਾਲਾ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਕੇਸਾਂ ਵਿੱਚ ਵਿਜੀਲੈਂਸ ਬਿਊਰੋ ਦੀ ਕਲੋਜ਼ਰ ਰਿਪੋਰਟ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇਸ਼ਾਰੇ ਉਤੇ ਬਦਲ ਦਿੱਤੀ ਗਈ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਬਚਾਉਣ ਦੀ ਖਾਤਰ ਐਟਾਨੋਮੀ ਬਾਡੀ ਦੀ ਰਿਪੋਰਟ ਨੂੰ ਵੀ ਅਣਦੇਖਾ ਕੀਤਾ ਗਿਆ, ਜਿਸ ਕਾਰਨ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਏ ਦਾ ਲਿਹਾਜ਼ ਹੋ ਰਿਹਾ ਹੈ। ਖਹਿਰਾ ਦਾ ਕਹਿਣਾ ਹੈ ਕਿ ਸਾਲ 2017 ਦੀਆਂ ਚੋਣਾਂ ਵਿੱਚ ਕੁਰੱਪਸ਼ਨ ਅਤੇ ਡਰੱਗਸ ਦਾ ਮੁੱਦਾ ਲੈ ਕੇ ਸੱਤਾ ਵਿੱਚ ਆਈ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਉੱਤੇ ਕੁਰੱਪਸ਼ਨ ਅਤੇ ਬਿਕਰਮ ਸਿੰਘ ਮਜੀਠੀਆ ਉੱਤੇ ਡਰੱਗਸ ਕੇਸ ਦੀ ਕਾਰਵਾਈ ਨਹੀਂ ਚਲਾਈ, ਭਾਵੇਂ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਜੀਠੀਆ ਨੂੰ ਚਾਰਜਸ਼ੀਟ ਕੀਤਾ ਹੋਇਆ ਹੈ ਅਤੇ ਜਗਜੀਤ ਸਿੰਘ ਚਾਹਲ ਅਤੇ ਸੱਤੇ ਨਾਲ ਉਸ ਦੇ ਸੰਬੰਧਾਂ ਦੇ ਵੀ ਸਬੂਤ ਮਿਲਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਕਈ ਵਿਧਾਇਕਾਂ ਦੇ ਇਲਾਵਾ ਮੰਤਰੀ ਸੁਖਜਿੰਦਰ ਸਿੰਘ ਸੁੱਖੀ ਰੰਧਾਵਾ ਨੇ ਵੀ ਫਰਿਆਦ ਕੀਤੀ, ਪਰ ਅਮਰਿੰਦਰ ਸਿੰਘ ਨੇ ਜਾਂਚ ਹੀ ਨਹੀਂ ਕਰਵਾਈ। ਖਹਿਰਾ ਨੇ ਕਿਹਾ ਕਿ ਟਰਾਂਸਪੋਰਟ ਕਾਰੋਬਾਰ ਦੇ ਰੂਟ ਤੇ ਟਾਈਮ ਟੇਬਲ ਬਦਲਣ ਦੇ ਨਾਲ ਟੈਕਸ ਦੀ ਹੇਰਾਫੇਰੀ ਕਰਨ ਵਾਲੇ ਸੁਖਬੀਰ ਸਿੰਘ ਬਦਲ ਦੇ ਵਿਰੁੱਧ ਕੁਰੱਪਸ਼ਨ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ, ਸਗੋਂ ਕਾਂਗਰਸ ਰਾਜ ਵਿੱਚ ਉਸ ਦੀ ਟਰਾਂਸਪੋਰਟ ਵਧ ਰਹੀ ਹੈ। ਦੋਵੇਂ ਪਾਰਟੀਆਂ ਆਪੋ ਵਿੱਚ ਮਿਲੀਆਂ ਹੋਈਆਂ ਹਨ ਅਤੇ ਕਿਸੇ ਤੀਸਰੇ ਫਰੰਟ ਨੂੰ ਉਭਰਨ ਨਹੀਂ ਦਿੰਦੀਆਂ।



## ਵਾਟਰ ਸ਼ੇਅਰਿੰਗ ਚਾਰਜ ਦੇ ਬਹਾਨੇ ਲੋਕਾਂ ਤੋਂ ਵਸੂਲੇ ਚਾਰ ਕਰੋੜ ਰੁਪਏ ਨਿਗਮ ਵਿੱਚ ਫਸੇ

ਜਲੰਧਰ, 22 ਮਈ (ਪੋਸਟ ਬਿਊਰੋ)- ਵਾਟਰ ਸ਼ੇਅਰਿੰਗ ਚਾਰਜ ਦੀ ਵਸੂਲੀ ਬਾਰੇ ਇੱਕ ਵਾਰ ਫਿਰ ਨਗਰ ਨਿਗਮ ਵਿੱਚ ਮਾਮਲਾ ਭੜਕ ਸਕਦਾ ਹੈ। ਜਲੰਧਰ ਨਗਰ ਨਿਗਮ ਨੇ 2014 ਵਿੱਚ ਵਾਟਰ ਸ਼ੇਅਰਿੰਗ ਚਾਰਜ ਵਸੂਲਣ ਦਾ ਕੰਮ ਬੰਦ ਕਰ ਦਿੱਤਾ ਸੀ, ਪਰ ਨਿਗਮ ਨੇ ਸ਼ੇਅਰਿੰਗ ਚਾਰਜ ਉਤੇ ਰੋਕ ਦੇ ਬਾਵਜੂਦ ਲੋਕਾਂ ਤੋਂ ਚਾਰ ਕਰੋੜ ਰੁਪਏ ਦੀ ਵਸੂਲੀ ਕਰ ਲਈ ਸੀ, ਜਿਸ ਦਾ ਪਤਾ ਲੱਗਣ ਉੱਤੇ 2018 ਵਿੱਚ ਸ਼ੇਅਰਿੰਗ ਚਾਰਜ ਦੀ ਵਸੂਲੀ 'ਤੇ ਰੋਕ ਲਾ ਦਿੱਤੀ ਸੀ, ਪਰ ਇਸ ਦੌਰਾਨ ਨਗਰ ਨਿਗਮ ਨੇ ਜੋ ਚਾਰ ਕਰੋੜ ਰੁਪਏ ਲੋਕਾਂ ਤੋਂ ਵਸੂਲੀ ਕੀਤੀ ਹੈ, ਉਸ ਨੂੰ ਲੋਕ ਵਾਪਸ ਕਰਨ ਦੀ ਮੰਗ ਕਰਨ ਲੱਗੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦ ਵਾਟਰ ਸ਼ੇਅਰਿੰਗ ਚਾਰਜ 'ਤੇ ਰੋਕ ਲੱਗ ਚੁੱਕੀ ਸੀ ਤਾਂ ਉਨ੍ਹਾਂ ਤੋਂ ਵਸੂਲੀ ਕਿਉਂ ਕੀਤੀ ਅਤੇ ਜੇ ਰੋਕ ਨਹੀਂ ਲੱਗੀ ਤਾਂ 2018 ਵਿੱਚ ਕਿਉਂ ਰੋਕਿਆ ਗਿਆ ਸੀ।



ਵਰਨਣ ਯੋਗ ਹੈ ਕਿ ਵਾਟਰ ਸ਼ੇਅਰਿੰਗ ਚਾਰਜ ਦੀ ਵਸੂਲੀ ਦੇ ਮਾਮਲੇ ਵਿੱਚ ਪਹਿਲਾਂ ਵੀ ਘੋਟਾਲੇ ਹੁੰਦੇ ਰਹੇ ਹਨ। ਸਾਬਕਾ ਭਾਜਪਾ ਮੇਅਰ ਸੁਨੀਲ ਜੋਤੀ ਨੇ ਵੀ ਇਸ ਮਾਮਲੇ ਨੂੰ ਫੜਿਆ ਸੀ। ਉਨ੍ਹਾਂ ਨੇ ਓਦੋਂ ਇਸ ਦੀ ਜਾਂਚ ਕਰਾਉਣ ਲਈ ਕਿਹਾ ਸੀ, ਕਿਉਂਕਿ ਵਾਟਰ ਸ਼ੇਅਰਿੰਗ ਚਾਰਜ ਵੱਡੇ ਕਾਲੋਨਾਈਜ਼ਰਾਂ ਅਤੇ ਸੰਸਥਾਵਾਂ ਤੋਂ ਸੀਵਰੇਜ ਨੂੰ ਨਿਗਮ ਦੇ ਸੀਵਰੇਜ ਨਾਲ ਜੋੜਨ ਵਾਸਤੇ ਲਏ ਜਾਂਦੇ ਸਨ। ਇਸ ਵਿੱਚ ਗੜਬੜ ਇਹ ਸੀ ਕਿ ਫਲੈਟਾਂ ਜਾਂ ਏਰੀਆ ਵੱਧ ਹੁੰਦਾ ਸੀ ਤੇ ਸ਼ੇਅਰਿੰਗ ਚਾਰਜ ਬਹੁਤ ਘੱਟ ਲੈ ਕੇ ਇਸ ਵਿੱਚ ਵੱਡੀ ਰਕਮ ਦਾ ਲੈਣ-ਦੇਣ ਹੋ ਰਿਹਾ ਸੀ ਅਤੇ ਦੋਸ਼ ਲੱਗਦੇ ਸਨ। ਇਸ ਸੰਬੰਧ ਵਿੱਚ ਕੁਝ ਮਹੀਨੇ ਪਹਿਲਾਂ ਪਤਾ ਲੱਗਾ ਸੀ ਕਿ ਨਗਰ ਨਿਗਮ ਨੇ ਵੱਡੀਆਂ ਸੰਸਥਾਵਾਂ ਤੋਂ ਸੀਵਰੇਜ ਜੋੜਨ ਦੇ ਨਾਂਅ 'ਤੇ ਵਸੂਲੀ ਕੀਤੀ ਹੈ, ਜੋ ਅਸਲ ਵਿੱਚ ਬਣਦੀ ਨਹੀਂ ਸੀ। ਇਸ ਗੱਲ ਬਾਰੇ ਵਸੂਲੀ ਕਰਨ ਵਾਲੇ ਸਟਾਫ ਅਤੇ ਅਫਸਰਾਂ ਵਿੱਚ ਡਰ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਨਿਗਮ ਦੇ ਅਫਸਰ ਇਸ ਸਟਾਫ ਉੱਤੇ ਐਕਸ਼ਨ ਲੈ ਸਕਦੇ ਹਨ ਕਿਉਂਕਿ ਨਿਗਮ ਅਫਸਰਾਂ ਨੇ ਚਾਰ ਕਰੋੜ ਰੁਪਏ ਵਸੂਲੀ ਕੀਤੀ ਹੋਈ ਹੈ। ਓਧਰੋਂ ਨਗਰ ਨਿਗਮ ਅਜੇ ਆਰਥਿਕ ਤੰਗੀ ਵਿੱਚ ਹੈ ਅਤੇ ਜੇ ਪੈਸੇ ਵਾਪਸ ਕਰਨੇ ਪੈਂਦੇ ਹਨ ਤਾਂ ਉਨ੍ਹਾਂ ਲਈ ਵੱਡੀ ਮੁਸੀਬਤ ਖੜ੍ਹੀ ਹੋ ਸਕਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਸੀਨੀਅਰ ਅਫਸਰਾਂ ਨੇ ਇਸ ਦੀਆਂ ਫਾਈਲਾਂ ਨੂੰ ਵੇਖਿਆ, ਪਰ ਅਜੇ ਕੋਈ ਫੈਸਲਾ ਨਹੀਂ ਲਿਆ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 10 ਪਾਵਨ ਸਰੂਪ ਅਗਨ ਭੇਟ

ਤਰਨ ਤਾਰਨ, 22 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਮਾਣੋਚਾਹਲ ਦੇ ਗੁਰਦੁਆਰਾ ਬਾਬਾ ਜੋਗੀ ਪੀਰ ਵਿੱਚ ਸੋਮਵਾਰ ਸ਼ਾਮ ਨੂੰ ਸ਼ਾਰਟ ਸਰਕਟ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 10 ਸਰੂਪ ਅਗਨ ਭੇਟ ਹੋ ਗਏ। ਘਟਨਾ ਸੋਮਵਾਰ ਸ਼ਾਮ ਦੀ ਹੋਣ ਦੇ ਬਾਵਜੂਦ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਇਸ ਦੀ ਸੂਚਨਾ ਕਿਸੇ ਨੂੰ ਨਹੀਂ ਦਿੱਤੀ। ਕੱਲ੍ਹ ਸਵੇਰੇ ਪੁਲਸ ਨੂੰ ਸੂਚਿਤ ਕੀਤਾ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇੱਕ ਸਰੂਪ ਨੂੰ ਨੁਕਸਾਨ ਪਹੁੰਚਿਆ ਹੈ।



ਇਸ ਬਾਰੇ ਸੂਚਨਾ ਮਿਲਣ ਉੱਤੇ ਧਾਰਮਿਕ ਸੰਗਠਨਾਂ ਦੇ ਨੁਮਾਇੰਦੇ ਗੁਰਦੁਆਰਾ ਸਾਹਿਬ ਪਹੁੰਚੇ ਅਤੇ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 10 ਸਰੂਪ ਅਗਨ ਭੇਟ ਹੋਣ ਨਾਲ ਨੁਕਸਾਨੇ ਗਏ ਹਨ। ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਜਸਬੀਰ ਸਿੰਘ ਖਾਲਸਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਤਰਲੋਚਨ ਸਿੰਘ ਸੋਹਲ ਨੇ ਘਟਨਾ ਨੂੰ ਮੰਦਭਾਗਾ ਦੱਸਦੇ ਹੋਏ ਕਿਹਾ ਕਿ ਪ੍ਰਬੰਧਕਾਂ ਨੇ ਜਾਣਬੁੱਝ ਕੇ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। ਪੁਲਸ ਨੂੰ ਦੱਸਿਆ ਗਿਆ ਕਿ ਇੱਕ ਸਰੂਪ ਨੂੰ ਨੁਕਸਾਨ ਪਹੁੰਚਿਆ ਹੈ। ਮੌਕੇ ਉੱਤੇ ਜਾ ਕੇ ਪਤਾ ਲੱਗਾ ਕਿ ਗੁਰੂ ਸਾਹਿਬ ਦੇ 10 ਸਰੂਪ ਅੱਗ ਕਾਰਨ ਨੁਕਸਾਨੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕਾਂ ਨੇ ਇਸ ਘਟਨਾ ਨੂੰ ਲੁਕਾਉਣ ਦੇ ਲਈ ਸੁਖ ਆਸਨ ਵਾਲੇ ਕਮਰੇ ਵਿੱਚ ਨਵਾਂ ਰੰਗ ਰੋਗਨ ਕਰਨ ਦੇ ਨਾਲ ਨਵਾਂ ਚੰਦੋਆ ਲਿਆ ਕੇ ਗੁਰੂ ਸਾਹਿਬ ਦੇ ਸਰੂਪਾਂ ਨੂੰ ਢਕ ਦਿੱਤਾ ਸੀ ਅਤੇ ਕਮਰੇ ਵਿੱਚ ਸੜੇ ਹੋਏ ਏ ਸੀ ਨੂੰ ਵੀ ਹਟਾ ਦਿੱਤਾ ਸੀ।

## ਚਿੱਟੇ ਦਿਨ ਹਥਿਆਰਾਂ ਦੀ ਨੋਕ ਉੱਤੇ ਨਕਦੀ ਲੁੱਟ ਲਈ

ਮੱਲ੍ਹੀਆਂ ਕਲਾਂ, 22 ਮਈ (ਪੋਸਟ ਬਿਊਰੋ)- ਕੱਲ੍ਹ ਦੁਪਹਿਰੇ ਤਿੰਨ ਵਜੇ ਦੇ ਕਰੀਬ ਨਕੋਦਰ-ਕਪੂਰਥਲਾ ਰੋਡ ਉਤੇ ਅੱਡਾ ਟੁੱਟ ਕਲਾਂ ਦੇ ਪੈਟਰੋਲ ਪੰਪ ਨੇੜੇ ਤਿੰਨ ਸਪਲੈਂਡਰ ਮੋਟਰ ਸਾਈਕਲਾਂ 'ਤੇ ਸਵਾਰ 9 ਵਿਅਕਤੀਆਂ ਨੇ ਫਲਾਂ ਦੇ ਪੈਸਿਆਂ ਦੀ ਉਗਰਾਹੀ ਕਰਕੇ ਆ ਰਹੀ ਗੱਡੀ ਨੂੰ ਹਥਿਆਰਾਂ ਦੇ ਜ਼ੋਰ ਉੱਤੇ ਰੋਕ ਕੇ ਡਰਾਈਵਰ ਕੋਲੋਂ ਕਰੀਬ 63 ਹਜ਼ਾਰ ਰੁਪਏ ਲੁੱਟ ਲਏ ਅਤੇ ਵਾਰਦਾਤ ਤੋਂ ਬਾਅਦ ਨਕੋਦਰ ਵੱਲ ਫਰਾਰ ਹੋ ਗਏ।

ਨਿਤੇਸ਼ ਫਰੂਟ ਕੰਪਨੀ ਕਪੂਰਥਲਾ ਦੇ ਮੁਲਾਜ਼ਮ ਅਤੇ ਬਲੈਰੋ ਕੈਂਪਰ ਨੂੰ ਚਲਾ ਰਹੇ ਡਰਾਈਵਰ ਰਾਮ ਜੀਆ ਪੁੱਤਰ ਰਾਮ ਕੁਮਾਰ ਮੂਲ ਵਾਸੀ ਹਰਿਆਣਾ ਨੇ ਦੱਸਿਆ ਕਿ ਉਹ ਰੋਜ਼ ਕੇਲੇ ਲੈ ਕੇ ਕਪੂਰਥਲਾ ਤੋਂ ਨਕੋਦਰ ਸਪਲਾਈ ਦੇਣ ਜਾਂਦਾ ਹੈ।



ਕੱਲ੍ਹ ਜਦੋਂ ਉਹ ਉਗਰਾਹੀ ਕਰਕੇ ਦੁਪਹਿਰ ਤਿੰਨ ਵਜੇ ਦੇ ਕਰੀਬ ਨਕੋਦਰ ਤੋਂ ਵਾਪਸ ਆ ਰਿਹਾ ਸੀ ਤਾਂ ਟੁੱਟ ਕਲਾਂ ਤੋਂ ਅੱਗੇ ਪੈਟਰੋਲ ਪੰਪ ਨੇੜੇ ਤਿੰਨ ਸਪਲੈਂਡਰ ਮੋਟਰ ਸਾਈਕਲਾਂ 'ਤੇ ਸਵਾਰ 9 ਲੁਟੇਰਿਆਂ ਨੇ ਉਸ ਦੀ ਗੱਡੀ ਨੂੰ ਘੇਰ ਲਿਆ। ਲੁਟੇਰਿਆਂ ਨੇ ਇਕ ਮੋਟਰ ਸਾਈਕਲ ਗੱਡੀ ਦੇ ਅੱਗੇ ਲਾ ਦਿੱਤਾ ਅਤੇ ਦੋ ਆਸੇ ਪਾਸੇ। ਲੁਟੇਰਿਆਂ ਨੇ ਉਸ ਦੇ ਮੂੰਹ 'ਤੇ ਮੁੱਕਾ ਮਾਰਿਆ ਤੇ ਹਥਿਆਰਾਂ ਦੇ ਜ਼ੋਰ 'ਤੇ ਪੈਸਿਆਂ ਵਾਲਾ ਬੈਗ ਉਨ੍ਹਾਂ ਹਵਾਲੇ ਕਰਨ ਲਈ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਉਸ ਨੂੰ ਕਈ ਦਿਨਾਂ ਤੋਂ ਉਡੀਕ ਰਹੇ ਸਨ। ਲੁਟੇਰਿਆਂ ਨੇ ਉਸ ਨਾਲ ਬੈਠੇ ਹੈਲਪਰ ਫਾਰੂ, ਜਿਸ ਨੇ ਪੈਸਿਆਂ ਦਾ ਬੈਗ ਥੱਲ੍ਹੇ ਲੁਕੋ ਲਿਆ ਸੀ, ਕੋਲੋਂ ਪੈਸਿਆਂ ਵਾਲਾ ਬੈਗ ਖੋਹਿਆ ਤੇ ਨਕੋਦਰ ਵੱਲ ਫਰਾਰ ਹੋ ਗਏ। ਰਾਮ ਜੀਆ ਨੇ ਦੱਸਿਆ ਕਿ ਬੈਗ 'ਚ 62,990 ਰੁਪਏ ਸਨ, ਜੋ ਲੁਟੇਰੇ ਲੁੱਟ ਕੇ ਫਰਾਰ ਹੋ ਗਏ ਅਤੇ ਜਾਂਦੇ-ਜਾਂਦੇ ਗੱਡੀ ਦੀ ਚਾਬੀ ਵੀ ਲੈ ਗਏ। ਘਟਨਾ ਦੀ ਸੂਚਨਾ ਮਿਲਦੇ ਸਾਰ ਥਾਣਾ ਸਦਰ ਨਕੋਦਰ ਦੇ ਮੁਖੀ ਮੁਹੰਮਦ ਜਮੀਲ ਮੌਕੇ 'ਤੇ ਪੁੱਜੇ। ਉਨ੍ਹਾਂ ਨੇ ਨੇੜਲੇ ਪੈਟਰੋਲ ਪੰਪਾਂ ਅਤੇ ਬੈਂਕਾਂ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕੀਤੀ, ਪਰ ਲੁਟੇਰਿਆਂ ਦਾ ਸੁਰਾਗ ਪੁਲਸ ਦੇ ਹੱਥ ਨਹੀਂ ਲੱਗਾ।

## ਔਰਬਿਟ ਬੱਸ ਵਿੱਚੋਂ ਡਿੱਗਣ ਕਾਰਨ ਮੁਸਾਫਰ ਦੀ ਮੌਤ

ਸ਼ਾਹਕੋਟ, 22 ਮਈ (ਪੋਸਟ ਬਿਊਰੋ)- ਸਥਾਨਕ ਕਸਬੇ ਵਿੱਚ ਕੱਲ੍ਹ ਔਰਬਿਟ ਬੱਸ ਤੋਂ ਇਕ ਨੌਜਵਾਨ ਦੇ ਬਾਹਰ ਡਿੱਗਣ ਨਾਲ ਉਸ ਦੀ ਮੌਤ ਹੋ ਗਈ। ਇੱਕੋ ਮਹੀਨੇ ਵਿੱਚ ਔਰਬਿਟ ਵਿੱਚੋਂ ਡਿੱਗਣ ਨਾਲ ਇਹ ਦੂਜੀ ਮੌਤ ਹੋਈ ਹੈ। ਕੁਝ ਦਿਨ ਪਹਿਲਾਂ ਸਤਲੁਜ ਦਰਿਆ ਦੇ ਪੁਲ ਕੋਲ ਇਸੇ ਕੰਪਨੀ ਦੀ ਬੱਸ ਤੋਂ ਡਿੱਗ ਕੇ ਇਕ ਔਰਤ ਦੀ ਮੌਤ ਹੋਈ ਸੀ। ਪਤਾ ਲੱਗਾ ਹੈ ਕਿ ਪਰਮਜੀਤ ਕੁਮਰ (32) ਕੱਲ੍ਹ ਇਥੋਂ ਦੇ ਪੁਰਾਣੇ ਬੱਸ ਅੱਡੇ ਤੋਂ ਔਰਬਿਟ ਬੱਸ 'ਤੇ ਜਲੰਧਰ ਜਾਣ ਲਈ ਸਵਾਰ ਹੋਇਆ ਸੀ। ਜਦੋਂ ਬੱਸ ਕੁਝ ਦੂਰ ਡਾਕਖਾਨੇ ਦੇ ਸਾਹਮਣੇ ਗਈ ਤਾਂ ਅਚਾਨਕ ਇਹ ਨੌਜਵਾਨ ਬੱਸ ਵਿੱਚੋਂ ਬਾਹਰ ਡਿੱਗ ਪਿਆ। ਉਸ ਨੂੰ ਸਿਵਲ ਹਸਪਤਾਲ ਸ਼ਾਹਕੋਟ ਪਹੁੰਚਾਇਆ ਗਿਆ। ਡਾਕਟਰਾਂ ਨੇ ਉਸ ਦੀ ਹਾਲਤ ਦੇਖ ਕੇ ਜਲੰਧਰ ਰੈਫਰ ਕਰ ਦਿੱਤਾ, ਪਰ ਰਸਤੇ ਵਿੱਚ ਉਹ ਦਮ ਤੋੜ ਗਿਆ।

## ਪਾਕਿ ਲਈ ਜਾਸੂਸੀ ਕਰਨ ਵਾਲਾ ਚੌਥਾ ਮੁਲਜ਼ਮ ਵੀ ਫੜ੍ਹਿਆ ਗਿਆ

ਅੰਮ੍ਰਿਤਸਰ, 22 ਮਈ (ਪੋਸਟ ਬਿਊਰੋ)- ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਘਰਿੰਡਾ ਥਾਣੇ ਦੀ ਪੁਲਸ ਨੇ ਚੌਥੇ ਦੋਸ਼ੀ ਇਕ ਸ਼ਾਲਾਂ ਦੇ ਕਾਰੋਬਾਰੀ ਨੂੰ ਕੱਲ੍ਹ ਰਾਤ ਗ੍ਰਿਫਤਾਰ ਕਰ ਲਿਆ ਹੈ। ਦੋਸ਼ ਲਾਇਆ ਗਿਆ ਹੈ ਕਿ ਸਤੀਸ਼ ਕੁਮਾਰ ਨਾਂ ਦੇ ਕਾਰੋਬਾਰੀ ਨੂੰ ਤਸਕਰ ਡਰਗ ਮਨੀ ਦੇ ਰਾਹੀਂ ਭੁਗਤਾਨ ਕਰ ਰਹੇ ਸਨ। ਪਤਾ ਲੱਗਾ ਹੈ ਕਿ ਇਸ ਕੇਸ ਵਿੱਚ ਜਾਂਚ ਦੌਰਾਨ ਪੁਲਸ ਨੂੰ ਕਈ ਅਹਿਮ ਸੁਰਾਗ ਮਿਲੇ ਹਨ। ਇਸ ਸੂਚੀ ਤਹਿਤ ਪੁਲਸ ਪਹਿਲਾਂ ਛੇ ਰਾਸ਼ਟਰੀ ਰਾਈਫਲ ਦੇ ਦੋ ਫੌਜੀਆਂ ਤੇ ਇਕ ਤਸਕਰ ਨੂੰ ਗ੍ਰਿਫਤਾਰ ਕਰ ਚੁੱਕੀ ਹੈ।

ਦੱਸਿਆ ਜਾਂਦਾ ਹੈ ਕਿ ਅਗਲੇ ਦਿਨਾਂ ਵਿੱਚ ਭਾਰਤੀ ਫੌਜ ਦੇ ਜਵਾਨ ਮਲਕੀਅਤ ਸਿੰਘ, ਮਨਪ੍ਰੀਤ ਸਿੰਘ ਤੇ ਸਰਹੱਦ ਨੇੜਲੇ ਪਿੰਡ ਘਰਿੰਡਾ ਦੇ ਗੱਜਨ ਸਿੰਘ ਦੀ ਪੁੱਛਗਿੱਛ ਤੋਂ ਬਾਅਦ ਪੁਲਸ ਹੋਰ ਗ੍ਰਿਫਤਾਰੀਆਂ ਕਰ ਸਕਦੀ ਹੈ। ਡੀ ਐਸ ਪੀ ਅਟਾਰੀ ਅਰੁਣ ਕੁਮਾਰ ਸ਼ਰਮਾ ਨੇ ਦੱਸਿਆ ਕਿ ਸਾਰੇ ਮਾਮਲੇ ਵਿੱਚ ਉਹ ਚਾਰ ਦੋਸ਼ੀਆਂ ਤੋਂ ਕੁੱਲ ਸੱਤ ਲੱਖ ਰੁਪਏ ਡਰਗ ਮਨੀ ਦੇ ਬਰਾਮਦ ਕਰ ਚੁੱਕੇ ਹਨ ਅਤੇ ਪੁੱਛਗਿੱਛ ਦੌਰਾਨ ਪੁਲਸ ਨੂੰ ਕਾਫੀ ਅਹਿਮ ਸੁਰਾਗ ਮਿਲੇ ਹਨ। ਡੀ ਐਸ ਪੀ ਅਰੁਣ ਸ਼ਰਮਾ ਨੂੰ ਸੂਚਨਾ ਮਿਲੀ ਸੀ ਕਿ ਜੰਮੂ ਕਸ਼ਮੀਰ ਵਿੱਚ ਛੇ ਰਾਸ਼ਟਰੀ ਰਾਈਫਲ ਦਾ ਫੌਜੀ ਮਲਕੀਅਤ ਸਿੰਘ ਆਪਣੇ ਪਿੰਡ ਮੁਹ-ਾਵਾ ਛੁੱਟੀ 'ਤੇ ਆਇਆ ਹੈ ਅਤੇ ਉਹ ਫੌਜ ਦੇ ਖੁਫੀਆ ਦਸਤਾਵੇਜ਼ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਨੂੰ ਸੌਂਪਣ ਵਾਲਾ ਹੈ। ਛਾਪੇਮਾਰੀ ਦੌਰਾਨ ਪੁਲਸ ਨੇ ਮਲਕੀਅਤ ਸਿੰਘ ਨੂੰ ਗ੍ਰਿਫਤਾਰ ਕਰ ਉਸ ਕੋਲੋਂ ਇਕ ਪਾਕਿਸਤਾਨੀ ਸਿਮ, ਉਸ ਵਿੱਚ ਰੱਖੇ 38 ਐਡਰੈੱਸ, ਫੌਜੀ ਨਕਸ਼ੇ ਤੇ ਫੌਜੀ ਮੂਵਮੈਂਟ ਦੇ ਦਸਤਾਵੇਜ਼ ਬਰਾਮਦ ਕੀਤੇ ਸਨ। ਉਸ ਪਿੱਛੋਂ ਪੁਲਸ ਨੇ ਮਲਕੀਅਤ ਸਿੰਘ ਦੀ ਪੁੱਛਗਿੱਛ ਨਾਲ ਘਰਿੰਡਾ ਵਿੱਚ ਰਹਿੰਦੇ ਤਸਕਰ ਗੱਜਨ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਉਨ੍ਹਾਂ ਦੋਵਾਂ ਦੀ ਪੁੱਛਗਿੱਛ ਮਗਰੋਂ ਫੌਜ ਦੇ ਇਕ ਹੋਰ ਜਵਾਨ ਮਨਪ੍ਰੀਤ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਸੀ।

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





## ਰਿਲਾਇੰਸ ਨੇ ਇੰਡੀਅਨ ਆਇਲ ਕਾਰਪੋਰੇਸ਼ਨ ਨੂੰ ਵੀ ਪਿੱਛੇ ਛੱਡਿਆ

ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਦੀ ਕੰਪਨੀ ਰਿਲਾਇੰਸ ਇੰਡਸਟਰੀਜ਼ ਲਿਮਟਿਡ (ਆਰ ਆਈ ਐੱਲ) ਇਸ ਵਾਰੀ ਜਨਤਕ ਖੇਤਰ ਦੀ ਇੰਡੀਅਨ ਆਇਲ ਕਾਰਪੋਰੇਸ਼ਨ (ਆਈ ਓ ਸੀ) ਨੂੰ ਪਿੱਛੇ ਛੱਡ ਕੇ ਦੇਸ਼ ਵਿੱਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਕੰਪਨੀ ਬਣ ਗਈ ਹੈ।

ਪੈਟਰੋਲੀਅਮ ਤੋਂ ਲੈ ਕੇ ਰਿਟੇਲ ਵਪਾਰ ਅਤੇ ਟੈਲੀਕਾਮ ਵਰਗੇ ਵੱਖ-ਵੱਖ ਖੇਤਰਾਂ ਵਿੱਚ ਫੈਲੀ ਆਰ ਆਈ ਐੱਲ ਦਾ ਸਾਲ 2018-19 ਵਿੱਚ ਕੁੱਲ ਕਾਰੋਬਾਰ 6.23 ਲੱਖ ਕਰੋੜ ਰੁਪਏ ਹੋ ਗਿਆ ਸੀ, ਪਰ ਦੂਸਰੇ ਪਾਸੇ ਆਈ ਓ ਸੀ ਨੇ 31 ਮਾਰਚ 2019 ਨੂੰ ਖਤਮ ਹੋਏ ਵਿੱਤੀ ਸਾਲ ਵਿੱਚ 6.17 ਲੱਖ ਕਰੋੜ ਰੁਪਏ ਦਾ ਕਾਰੋਬਾਰ ਕੀਤਾ। ਦੋਵਾਂ ਕੰਪਨੀਆਂ ਵੱਲੋਂ ਰੈਗੂਲੇਟਰੀ ਸੂਚਨਾ ਨੂੰ ਦਿੱਤੀ ਜਾਣਕਾਰੀ ਤੋਂ ਇਸ ਦਾ ਖੁਲਾਸਾ ਹੋਇਆ ਹੈ। ਆਰ ਆਈ ਐੱਲ ਸ਼ੁੱਧ ਮੁਨਾਫਾ ਹਾਸਲ ਕਰਨ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਰਹੀ ਹੈ। ਇਸ 31 ਮਾਰਚ ਨੂੰ ਸਮਾਪਤ ਹੋਏ ਸਾਲ ਵਿੱਚ ਉਸ ਦਾ ਸ਼ੁੱਧ ਮੁਨਾਫਾ ਆਈ ਓ ਸੀ ਦੇ ਮੁਕਾਬਲੇ ਦੁੱਗਣੇ ਤੋਂ ਵੱਧ ਰਿਹਾ। ਵਧਦੇ ਕਾਰੋਬਾਰ ਵਿੱਚ ਰਿਲਾਇੰਸ ਦਾ ਸ਼ੁੱਧ ਮੁਨਾਫਾ 2018-19 ਵਿੱਚ 39,588 ਕਰੋੜ ਰੁਪਏ ਰਿਹਾ, ਪਰ ਆਈ ਓ ਸੀ ਨੇ ਇਸ ਸਾਲ ਵਿੱਚ 17274 ਕਰੋੜ ਰੁਪਏ ਦਾ ਮੁਨਾਫਾ ਦਰਜ ਕੀਤਾ ਹੈ। ਆਈ ਓ ਸੀ ਪਿਛਲੇ ਸਾਲ ਤੱਕ ਦੇਸ਼ ਦੀ ਸਭ ਤੋਂ ਵੱਧ ਮੁਨਾਫਾ ਕਮਾਉਣ ਵਾਲੀ ਕੰਪਨੀ ਸੀ, ਪਰ ਇਸ ਸਾਲ ਲੱਗਦਾ ਹੈ ਕਿ ਤੇਲ ਅਤੇ ਕੁਦਰਤੀ ਗੈਸ ਨਿਗਮ ਉਸ ਨੂੰ ਪਿੱਛ ਛੱਡ ਦੇਵੇਗਾ। ਰਿਲਾਇੰਸ ਨੇ ਮਜ਼ਬੂਤ ਰਿਫਾਈਨਰੀ ਮਾਰਜਨ ਅਤੇ ਤੇਜ਼ੀ ਨਾਲ ਵਧਦੇ ਰਿਟੇਲ ਕਾਰੋਬਾਰ ਦੇ ਚੱਲਦੇ ਰਿਲਾਇੰਸ ਨੇ 2018-19 ਵਿੱਚ 44 ਫੀਸਦੀ ਵਾਧਾ ਹਾਸਲ ਕੀਤਾ। ਕੰਪਨੀ ਨੇ ਵਿੱਤੀ ਸਾਲ 2010 ਤੋਂ ਲੈ ਕੇ 2019 ਦੀ ਮਿਆਦ ਵਿੱਚ ਸਾਲ ਦਰ ਸਾਲ 14 ਫੀਸਦੀ ਦੀ ਵਾਧਾ ਦਰ ਰਹੀ।

## ਛੋਟੇ ਅੰਬਾਨੀ ਦੀ ਕੰਪਨੀ ਕਾਂਗਰਸ ਆਗੂਆਂ ਵਿਰੁੱਧ ਮਾਣਹਾਨੀ ਦਾ ਕੇਸ ਵਾਪਸ ਲੈਣ ਲੱਗੀ



ਅਹਿਮਦਾਬਾਦ, 22 ਮਈ (ਪੋਸਟ ਬਿਊਰੋ)- ਅਨਿਲ ਅੰਬਾਨੀ ਦੇ ਰਿਲਾਇੰਸ ਗਰੁੱਪ ਨੇ ਕਾਂਗਰਸ ਆਗੂਆਂ ਤੇ ਨੈਸ਼ਨਲ ਹੈਰਾਲਡ ਅਖਬਾਰ ਦੇ ਖਿਲਾਫ ਅਹਿਮਦਾਬਾਦ ਦੀ ਅਦਾਲਤ ਵਿੱਚ ਦਾਇਰ ਕੀਤਾ 5000 ਕਰੋੜ ਰੁਪਏ ਦਾ ਮਾਣਹਾਨੀ ਦਾ ਕੇਸ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਇਸ ਕੇਸ ਰਾਫਾਲ ਜੰਗੀ ਜਹਾਜ਼ ਸਮਝੌਤੇ ਬਾਰੇ ਵਿਵਾਦ ਬਿਆਨ ਦੇਣ ਅਤੇ ਲੇਖ ਛਾਪਣ ਦੇ ਕਾਰਨ ਦਾਇਰ ਕੀਤਾ ਗਿਆ ਸੀ ਅਤੇ ਇਸ ਦੀ ਸੁਣਵਾਈ ਸਿਵਲ ਤੇ ਸੈਸ਼ਨ ਜੱਜ ਪੀ ਜੇ ਤਮਾਕੂਵਾਲਾ ਦੀ ਅਦਾਲਤ ਵੱਲੋਂ ਕੀਤੀ ਜਾ ਰਹੀ ਸੀ।

ਇਸ ਸੰਬੰਧ ਵਿੱਚ ਸ਼ਿਕਾਇਤ ਕਰਤਾ ਦੇ ਵਕੀਲ ਰਾਜੇਸ਼ ਪਾਰਿਖ ਨੇ ਦੱਸਿਆ ਕਿ ਉਨ੍ਹਾਂ ਦੀ ਧਿਰ ਨੇ ਸੂਚਿਤ ਕਰ ਦਿੱਤਾ ਹੈ ਕਿ ਉਹ ਆਪਣਾ ਕੇਸ ਵਾਪਸ ਲੈ ਰਹੇ ਹਨ। ਨੈਸ਼ਨਲ ਹੈਰਾਲਡ ਅਤੇ ਹੋਰਨਾਂ ਧਿਰਾਂ ਦੇ ਵਕੀਲ ਪੀ ਐਸ ਚੰਪਾਨੇਰੀ ਨੇ ਕਿਹਾ ਕਿ ਉਨ੍ਹਾਂ ਨੂੰ ਰਿਲਾਇੰਸ ਗਰੁੱਪ ਦੇ ਵਕੀਲ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸ਼ਿਕਾਇਤ ਕਰਤਾ ਵੱਲੋਂ ਕੇਸ ਵਾਪਸ ਲੈਣ ਦੀ ਰਸਮੀ ਕਾਰਵਾਈ ਗਰਮੀਆਂ ਦੀਆਂ ਛੁੱਟੀਆਂ ਮੁੱਕਣ ਉੱਤੇ ਅਦਾਲਤ ਖੁੱਲ੍ਹਣ ਮਗਰੋਂ ਸ਼ੁਰੂ ਹੋਵੇਗੀ। ਵਰਨਣ ਯੋਗ ਹੈ ਕਿ ਰਿਲਾਇੰਸ ਗਰੁੱਪ ਨੇ ਕਾਂਗਰਸ ਆਗੂਆਂ ਸੁਨੀਲ ਜਾਖੜ, ਰਣਦੀਪ ਸਿੰਘ ਸੁਰ-ਜੇਵਾਲਾ, ਓਮਨ ਚਾਂਡੀ, ਅਸ਼ੋਕ ਚਵਾਨ, ਅਭਿਸ਼ੇਕ ਮਨੂ ਸਿੰਘਵੀ, ਸੰਜੈ ਨਿਰੂਪਮ ਤੇ ਸ਼ਕਤੀ ਸਿੰਘ ਗੋਹਿਲ ਅਤੇ ਕੁਝ ਪੱਤਰਕਾਰਾਂ ਤੇ ਨੈਸ਼ਨਲ ਹੈਰਲਡ ਜਿਹੀਆਂ ਖਬਰ ਏਜੰਸੀਆਂ ਖਿਲਾਫ ਮੁਕੱਦਮਾ ਦਾਇਰ ਕੀਤਾ ਸੀ। ਉਨ੍ਹਾਂ ਨੈਸ਼ਨਲ ਹੈਰਲਡ ਦੇ ਸੰਪਾਦਕ ਜ਼ਫਰ ਆਗਾ ਅਤੇ ਰਾਫਾਲ ਬਾਰੇ ਲੇਖ ਲਿਖਣ ਵਾਲੇ ਵਿਸ਼ਵਦੀਪਕ ਖਿਲਾਫ ਵੀ ਸ਼ਿਕਾਇਤ ਕੀਤੀ ਸੀ।

# ਪਾਕਿਸਤਾਨੀ ਕਿਸ਼ਤੀ ਵਿੱਚੋਂ 600 ਕਰੋੜ ਦੀ ਹੈਰੋਇਨ ਬਰਾਮਦ



ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- ਭਾਰਤੀ ਕੋਸਟ ਗਾਰਡ (ਆਈ ਸੀ ਜੀ) ਨੇ ਗੁਜਰਾਤ ਦੇ ਤੱਟ ਉਤੇ ਕੱਲ੍ਹ ਇਕ ਪਾਕਿਸਤਾਨੀ ਕਿਸ਼ਤੀ ਘੇਰ ਕੇ 600 ਕਰੋੜ ਰੁਪਏ ਮੁੱਲ ਦਾ ਨਸ਼ੀਲਾ ਪਦਾਰਥ, ਜੋ ਹੈਰੋਇਨ ਲੱਗਦਾ ਹੈ, ਬਰਾਮਦ ਕੀਤਾ ਹੈ। ਸੁਰੱਖਿਆ ਏਜੰਸੀ ਨੇ ਕਿਸ਼ਤੀ 'ਤੇ ਸਵਾਰ ਛੇ ਵਿਅਕਤੀਆਂ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਹੈ।

ਇਸ ਮਾਮਲੇ ਵਿੱਚ ਭਾਰਤੀ ਕੋਸਟ ਗਾਰਡ ਨੇ ਇਹ ਪੂਰਾ ਅਪਰੇਸ਼ਨ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ ਆਰ ਆਈ) ਤੇ ਹੋਰਨਾਂ ਏਜੰਸੀਆਂ ਵੱਲੋਂ ਦਿੱਤੀ ਜਾਣਕਾਰੀ ਦੇ ਅਧਾਰ ਉਤੇ ਪੂਰਾ ਕੀਤਾ ਹੈ। ਆਈ ਸੀ ਜੀ ਨੇ ਇਕ ਟਵੀਟ 'ਚ ਕਿਹਾ, 'ਭਾਰਤੀ ਕੋਸਟ ਗਾਰਡ ਨੇ ਕੱਲ੍ਹ ਸਵੇਰੇ ਸੂਚਨਾ ਦੇ ਆਧਾਰ 'ਤੇ ਕਰਾਚੀ ਵਿੱਚ ਰਜਿਸਟਰਡ ਕੀਤੀ ਗਈ ਪਾਕਿ-ਸਤਾਨ ਦੀ ਮੱਛੀਆਂ ਫੜਨ ਵਾਲੀ ਕਿਸ਼ਤੀ 'ਅਲ ਮਦੀਨਾ' ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਮੌਕੇ ਕਿਸ਼ਤੀ ਵਿੱਚ ਛੇ ਲੋਕ ਸਵਾਰ ਸਨ। ਕਿਸ਼ਤੀ 'ਚੋਂ ਨਸ਼ੀਲੇ ਪਦਾਰਥਾਂ ਦੇ 194 ਪੈਕੇਟ ਬਰਾਮਦ ਹੋਏ ਹਨ।' ਆਈ ਸੀ ਪੀ ਨੇ ਕਿਹਾ ਕਿ ਕੱਲ੍ਹ ਸਵੇਰੇ ਉਨ੍ਹਾਂ ਜਖਾਓ ਕੰਢੇ ਉੱਤੇ ਅਲ ਮਦੀਨਾ ਨਾਂ ਦੀ ਕਿਸ਼ਤੀ ਨੂੰ ਰੁਕਣ ਲਈ ਕਿਹਾ ਤਾਂ ਉਨ੍ਹਾਂ ਕਿਸ਼ਤੀ ਭਜਾ ਲਈ। ਆਈ ਸੀ ਪੀ ਨੇ ਦੋ ਹੋਰਨਾਂ ਕਿਸ਼ਤੀਆਂ ਦੀ ਮਦਦ ਨਾਲ ਇਸ ਨੂੰ ਘੇਰ ਲਿਆ। ਇਸ ਦੌਰਾਨ ਪਾਕਿਸਤਾਨੀ ਕਿਸ਼ਤੀ 'ਚ ਸਵਾਰ ਵਿਅਕਤੀਆਂ ਨੇ ਨਸ਼ੀਲੇ ਪਦਾਰਥ ਵਾਲੇ ਬੈਗ ਪਾਣੀ 'ਚ ਸੁੱਟਣੇ ਸ਼ੁਰੂ ਕਰ ਦਿੱਤੇ। ਕਿਸ਼ਤੀ ਸਵਾਰਾਂ ਨੂੰ ਹਿਰਾਸਤ ਵਿੱਚ ਲੈਣ ਮਗਰੋਂ ਆਈ ਸੀ ਪੀ ਨੇ ਪਾਣੀ ਵਿੱਚ ਸੁੱਟੇ ਸੱਤ ਬੈਗ ਬਾਹਰ ਕੱਢ ਲਏ ਹਨ। ਕਿਸ਼ਤੀ ਦੀ ਤਲਾਸ਼ੀ ਵਿੱਚ ਇਸ ਵਿੱਚੋਂ ਸ਼ੱਕੀ ਨਸ਼ੀਲੇ ਪਦਾਰਥ ਦੇ 194 ਪੈਕੇਟ ਮਿਲੇ ਹਨ।

## 4.9 ਕਰੋੜ ਹਾਈ ਪ੍ਰੋਫਾਈਲ ਯੂਜ਼ਰਜ਼ ਦਾ ਡਾਟਾ ਇੰਸਟਾਗ੍ਰਾਮ ਤੋਂ ਲੀਕ



ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- ਲੱਖਾਂ ਸੈਲੇਬ੍ਰਿਟੀਜ਼ ਅਤੇ ਰਸੂਖਦਾਰ ਲੋਕਾਂ ਦਾ ਪ੍ਰਸਨਲ ਡਾਟਾ ਇੰਸਟਾਗ੍ਰਾਮ ਤੋਂ ਲੀਕ ਹੋ ਗਿਆ ਹੈ। ਮੁੰਬਈ ਦੀ ਸੋਸ਼ਲ ਮੀਡੀਆ ਮਾਰਕੀਟਿੰਗ ਫਰਮ ਚੈਟਰਬਾਕਸ ਨੇ ਇਹ ਟਰੇਸ ਕੀਤਾ ਹੈ। ਇਸ ਵਿੱਚ 4.9 ਕਰੋੜ ਹਾਈ ਪ੍ਰੋਫਾਈਲ ਲੋਕਾਂ ਦੇ ਪ੍ਰਸਨਲ ਰਿਕਾਰਡ ਹਨ, ਜਿਨ੍ਹਾਂ 'ਚ ਮਸ਼ਹੂਰ ਬਲਾਗਰ, ਮਸ਼ਹੂਰ ਹਸਤੀਆਂ ਅਤੇ ਸੋਸ਼ਲ ਮੀਡੀਆ ਦੇ ਰਸੂਖਦਾਰ ਲੋਕ ਸ਼ਾਮਲ ਹਨ।

ਟੈੱਕਕਰੰਚ ਨੇ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਜਿਨ੍ਹਾਂ ਲੋਕਾਂ ਦਾ ਡਾਟਾ ਲੀਕ ਹੋਇਆ ਹੈ, ਉਸ ਵਿੱਚ ਉਨ੍ਹਾਂ ਦੇ ਫਾਲੋਅਰਜ਼ ਦੀ ਗਿਣਤੀ, ਬਾਇਓ, ਪਬਲਿਕ ਡਾਟਾ, ਪ੍ਰੋਫਾਈਲ ਪਿਕਚਰ, ਲੋਕੇਸ਼ਨ ਤੇ ਪ੍ਰਸਨਲ ਕੰਟੈਕਟ ਸ਼ਾਮਲ ਹਨ। ਜਦੋਂ ਅਜਿਹਾ ਕਰਨ ਵਾਲੀ ਫਰਮ ਚੈਟਰਬਾਕਸ ਬਾਰੇ ਟੈੱਕਕਰੰਚ ਨੇ ਰਿਪੋਰਟ ਛਾਪੀ ਤਾਂ ਉਸ ਨੇ ਆਪਣੀ ਡਾਟਾਬੇਸ ਨੂੰ ਆਫਲਾਈਨ ਕਰ ਲਿਆ। ਵਰਨਣ ਯੋਗ ਹੈ ਕਿ ਸਭ ਤੋਂ ਪਹਿਲਾਂ ਸਕਿਓਰਿਟੀ ਰਿਸਰਚਰ ਅਨੁਰਾਗ ਸੇਨ ਨੂੰ ਇਸ ਦੀ ਜਾਣਕਾਰੀ ਮਿਲੀ ਸੀ, ਜਿਸ ਪਿੱਛੋਂ ਉਨ੍ਹਾਂ ਟੈੱਕਕਰੰਚ ਨੂੰ ਇਸ ਲਈ ਅਲਰਟ ਕੀਤਾ ਸੀ। ਯੂਜ਼ਰਜ਼ ਦੇ ਡਾਟਾ ਨੂੰ ਐਕਸਪੋਜ਼ ਕਰਨ ਵਾਲੀ ਚੈਟਰਬਾਕਸ ਆਪਣੇ ਅਕਾਊਂਟ 'ਤੇ ਸਪਾਂਸਰਡ ਕੰਟੈਂਟ ਨੂੰ ਪੋਸਟ ਕਰਨ ਲਈ ਰਸੂਖਦਾਰ ਆਦਮੀਆਂ ਨੂੰ ਪੈਸੇ ਦਿੰਦੀ ਹੈ। ਡਾਟਾ ਲੀਕ ਦੀ ਇਹ ਖਬਰ ਆਉਣ ਤੋਂ ਬਾਅਦ ਇੰਸਟਾਗ੍ਰਾਮ ਦੇ ਮਾਲਕਾਨਾ ਹੱਕ ਵਾਲੀ ਕੰਪਨੀ ਫੇਸਬੁਕ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਕੁੰਭ ਮੇਲੇ ਪ੍ਰਬੰਧ ਉੱਤੇ 4200 ਕਰੋੜ ਖਰਚ, ਪ੍ਰੰਤੂ 2000 ਟਨ ਕਚਰੇ ਦਾ ਨਿਪਟਾਰਾ ਨਹੀਂ



ਪ੍ਰਯਾਗਰਾਜ, 22 ਮਈ (ਪੋਸਟ ਬਿਊਰੋ)- ਕੁੰਭ ਮੇਲੇ ਦੌਰਾਨ ਸਾਫ-ਸਫਾਈ ਲਈ ਸ਼ਾਬਾਸ਼ ਲੈਣ ਵਾਲੀ ਉੱਤਰ ਪ੍ਰਦੇਸ਼ ਦੀ ਸਰਕਾਰ ਮੇਲਾ ਖੇਤਰ ਤੋਂ ਇਕੱਠੇ ਹੋਏ ਕਰੀਬ 2000 ਟਨ ਕਚਰੇ ਦਾ ਨਿਪਟਾਰਾ ਕਰਨ ਤੋਂ ਨਾਕਾਮ ਰਹੀ ਹੈ। ਕੂੜਾ ਅਤੇ ਹੋਰ ਸਮੱਗਰੀ ਪੂਰੇ ਮੇਲਾ ਖੇਤਰ ਵਿੱਚ ਫੈਲੀ ਹੋਈ ਹੈ। ਮੀਂਹ ਤੋਂ ਪਹਿਲਾਂ ਇਸ ਨੂੰ ਟਿਕਾਣੇ ਨਾ ਲਾਇਆ ਤਾਂ ਬਿਮਾਰੀਆਂ ਫੈਲਣ ਦਾ ਖਤਰਾ ਹੈ। 45 ਦਿਨ ਚੱਲੇ ਕੁੰਭ ਮੇਲੇ 'ਤੇ ਸਰਕਾਰ ਨੇ 4200 ਕਰੋੜ ਰੁਪਏ ਖਰਚ ਕੀਤੇ ਸਨ।

ਕਚਰੇ ਬਾਰੇ ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨ ਜੀ ਟੀ) ਨੇ ਸਾਬਕਾ ਜਸਟਿਸ ਅਰੁਣ ਟੰਡਨ ਦੀ ਅਗਵਾਈ ਵਿੱਚ ਇੱਕ ਨਿਗਰਾਨੀ ਕਮੇਟੀ ਬਣਾਈ ਸੀ, ਜਿਸ ਨੇ ਕਿਹਾ ਸੀ ਕਿ ਇਹ ਕਚਰਾ ਖੁੱਲ੍ਹੇ ਵਿੱਚ ਰੱਖਿਆ ਗਿਆ ਹੈ, ਜੋ ਲੋਕਾਂ ਲਈ ਪ੍ਰੇਸ਼ਾਨੀਆਂ ਪੈਦਾ ਕਰਦਾ ਹੈ। ਪਿਛਲੇ ਮਹੀਨੇ ਐੱਨ ਜੀ ਟੀ ਨੇ ਪ੍ਰਯਾਗਰਾਜ ਪ੍ਰਸ਼ਾਸਨ ਨੂੰ ਇਹ ਸਮੱਸਿਆ ਤੁਰੰਤ ਹੱਲ ਕਰਨ ਨੂੰ ਕਿਹਾ ਸੀ। ਪਹਿਲਾਂ ਸ਼ਿਕਾਇਤ ਮਿਲੀ ਸੀ ਕਿ ਮੇਲਾ ਖੇਤਰ ਨੇੜੇ ਬਸਵਾਰ ਪਿੰਡ ਦਾ ਸਾਲਿਡ ਵੇਸਟ ਟ੍ਰੀਟਮੈਂਟ ਪਲਾਂਟ ਸਤੰਬਰ 2018 ਤੋਂ ਬੰਦ ਹੈ। ਇਸ ਉਤੇ ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸੈਕਟਰੀ ਨੇ ਜਵਾਬ ਮੰਗਿਆ ਤਾਂ ਪਲਾਂਟ ਦੇ ਪ੍ਰਬੰਧਕਾਂ ਨੇ ਜਵਾਬ ਵਿੱਚ ਕਿਹਾ ਸੀ ਕਿ ਪਲਾਂਟ ਦੀ ਸਮਰੱਥਾ ਰੋਜ਼ 400 ਟਨ ਕਚਰਾ ਨਿਪਟਾਉਣ ਦੀ ਹੈ, ਜਦ ਕਿ ਇਥੇ 600 ਟਨ ਕਚਰਾ ਆ ਰਿਹਾ ਹੈ। ਮੇਲਾ ਖੇਤਰ ਨਾਲ ਲੱਗਦੇ ਪਿੰਡਾਂ ਬਸਵਾਰ, ਠਾਕੁਰਪੁਰਵਾ, ਮੁਹੱ-ਬਤਗੰਜ, ਬੁੰਗੀ ਅਤੇ ਸਿਮਤਾ ਦੇ ਲੋਕਾਂ ਦਾ ਕਹਿਣਾ ਹੈ ਕਿ ਕੂੜੇ ਦਾ ਮੀਂਹ ਤੋਂ ਪਹਿਲਾਂ ਨਿਪਟਾਰਾ ਨਾ ਹੋਇਆ ਤਾਂ ਪ੍ਰੇਸ਼ਾਨੀਆਂ ਬਹੁਤ ਵਧ ਜਾਣਗੀਆਂ। ਗੰਦਗੀ ਅਤੇ ਮੱਛਰਾਂ ਦੇ ਕਾਰਨ ਇਥੇ ਰਹਿਣਾ ਮੁਸ਼ਕਲ ਹੋ ਜਾਏਗਾ।

## ਕੈਂਟਰ ਵਿੱਚ ਕਾਰ ਵੱਜ ਕੇ ਮੈਡੀਕਲ ਵਿਦਿਆਰਥੀ ਸਮੇਤ ਚਾਰ ਦੀ ਮੌਤ



ਖੇਕੜਾ (ਬਾਗਪਤ), 22 ਮਈ (ਪੋਸਟ ਬਿਊਰੋ)- ਈਸਟਰਨ ਪੈਰੀਫੇਰਲ ਐਕਸਪ੍ਰੈਸ-ਵੇ ਉੱਤੇ ਇੱਕ ਤੇਜ਼ ਰਫਤਾਰ ਕਾਰ ਡਿਵਾਈਡਰ ਨਾਲ ਟਕਰਾ ਕੇ ਖੜ੍ਹੇ ਕੈਂਟਰ ਦੇ ਹੇਠਾਂ ਜਾ ਵੜ। ਇਸ ਕਾਰਨ ਕਾਰ ਵਿੱਚ ਸਵਾਰ ਸ਼ਾਰਦਾ ਯੂਨੀਵਰਸਿਟੀ ਗ੍ਰੇਟਰ ਨੋਇਡਾ ਦੀ ਇੱਕ ਮੈਡੀਕਲ ਵਿਦਿਆਰਥਣ ਤੇ ਤਿੰਨ ਵਿਦਿਆਰਥੀਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਇੱਕ ਹੋਰ ਵਿਦਿਆਰਥਣ ਗੰਭੀਰ ਜ਼ਖਮੀ ਹੋਈ। ਮ੍ਰਿਤਕਾਂ ਵਿੱਚ ਇੱਕ ਵਿਦਿਆਰਥੀ ਲੁਧਿਆਣਾ ਦਾ ਹੈ।

ਕੱਲ੍ਹ ਸਵੇਰੇ ਉਤਰ ਪ੍ਰਦੇਸ਼ ਦੇ ਬਾਗਪਤ ਜ਼ਿਲੇ ਦੇ ਪਿੰਡ ਸਰਫਾਬਾਦ ਦੇ ਨੇੜੇ ਇੱਕ ਕੈਂਟਰ ਈਸਟਰਨ ਪੇਰੀਫੇਰਲ ਐਕਸਪਰੈਸ-ਵੇਅ ਦੇ ਕਿਨਾਰੇ ਖੜ੍ਹਾ ਸੀ। ਕਰੀਬ 8.30 ਵਜੇ ਹਰਿਆਣਾ ਵੱਲੋਂ ਆ ਰਹੀ ਤੇਜ਼ ਰਫਤਾਰ ਸਵਿਫਟ ਕਾਰ ਓਵਰਟੇਕ ਕਰਦੇ ਹੋਏ ਬੇਕਾਬੂ ਹੋਈ ਅਤੇ ਡਿਵਾਈਡਰ ਨਾਲ ਟਕਰਾ ਗਈ। ਕਾਰ ਦੋ ਵਾਰ ਉਲਟਣ ਦੇ ਬਾਅਦ ਕੈਂਟਰ ਦੇ ਹੇਠਾਂ ਜਾ ਵੜੀ। ਇਸ ਹਾਦਸੇ ਵਿੱਚ ਮਰਨ ਵਾਲਿਆਂ ਵਿੱਚ ਅਭਿਸ਼ੇਕ ਸੋਨੀ ਪੁੱਤਰ ਸੰਜੇ ਸੋਨੀ ਵਾਸੀ ਵਾਰਡ 18, ਕੋਰਟ ਡੋ ਪਰਸ਼ੂਰਾਮਨਗਰ, ਸੂਰਤਗੜ੍ਹ ਸ੍ਰੀਗੰਗਾਨਗਰ ਰਾਜਸਥਾਨ, ਕਾਂਤ ਢੀਂਗਰਾ ਪੁੱਤਰ ਕ੍ਰਿਸ਼ਨ ਢੀਂਗਰਾ ਵਾਸੀ ਰਘੁਬੀਰ ਪਾਰਕ, ਹੈਬੋਵਾਲ ਕਲਾਂ ਲੁਧਿਆਣਾ, ਸ਼ੋਏਬ ਪੁੱਤਰ ਮੁਹੰਮਦ ਸਾਬਿਰ ਵਾਸੀ ਕੈਮਰੀ, ਜ਼ਿਲ੍ਹਾ ਰਾਮਪੁਰ, ਉੱਤਰ ਪ੍ਰਦੇਸ਼, ਕ੍ਰਿਸ਼ਮਾ ਪੁੱਤਰੀ ਨਰਿੰਦਰ ਛਾਬੜਾ ਵਾਸੀ ਸੈਕਟਰ ਅੱਠ, ਫਰੀਦਾਬਾਦ ਸ਼ਾਮਲ ਹਨ। ਚਾਲਕ ਕੈਂਟਰ ਛੱਡ ਕੇ ਦੌੜ ਗਿਆ। ਪੁਲਸ ਦੇ ਸੀ ਓ, ਆਰ ਪੀ ਸਿੰਘ ਮੁਤਾਬਕ ਕਾਰ ਦੇ ਸਵਾਰ ਸਾਰੇ ਵਿਦਿਆਰਥੀ ਗ੍ਰੇਟਰ ਨੋਇਡਾ ਦੀ ਸ਼ਾਰਦਾ ਯੂਨੀਵਰਸਿਟੀ ਦੇ ਮੈਡੀਕਲ ਕਾਲਜ ਵਿੱਚ ਐੱਮ ਬੀ ਬੀ ਐੱਸ ਤੀਜੇ ਸਾਲ ਦੀ ਪੜ੍ਹਾਈ ਕਰਦੇ ਸਨ। ਜ਼ਖਮੀ ਵਿਦਿਆਰਥਣ ਆਂਚਲ ਪੁੱਤਰੀ ਬ੍ਰਿਜੇਂਦਰ ਰਾਮਾ ਵਾਸੀ ਟੀ ਸੀ 66 ਆਸ਼ਿਆਨਾ ਫੇਜ਼-1 ਮੁਰਾਦਾਬਾਦ ਨੂੰ ਗੰਭੀਰ ਹਾਲਤ ਵਿੱਚ ਜ਼ਿਲ੍ਹਾ ਹਸਪਤਾਲ ਤੋਂ ਜੀ ਟੀ ਬੀ ਦਿੱਲੀ ਰੈਫਰ ਕਰ ਦਿੱਤਾ ਗਿਆ। ਬਾਅਦ ਵਿੱਚ ਉਸ ਨੂੰ ਦਿੱਲੀ ਦੇ ਏਮਜ਼ ਵਿੱਚ ਭਰਤੀ ਕਰਾਇਆ। ਬੱਚਿਆਂ ਦੇ ਪਰਵਾਰ ਨੂੰ ਦੱਸਿਆ ਕਿ ਪੰਜ ਵਿਦਿਆਰਥੀ 15 ਮਈ ਨੂੰ ਕਾਰ ਰਾਹੀਂ ਧਰਮਸ਼ਾਲਾ ਘੁੰਮਣ ਗਏ ਸਨ।

## ਡਰੱਗ ਕੇਸਾਂ ਵਿੱਚ ਗੁਜਰਾਤ ਨੇ ਪੰਜਾਬ ਨੂੰ ਵੀ ਪਛਾੜਿਆ

ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪ੍ਰਮੁੱਖ ਸਿਆਸੀ ਨੇਤਾਵਾਂ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਵਾਰ-ਵਾਰ ਵਾਪਰੀਆਂ ਘਟਨਾਵਾਂ ਦੇ ਸ਼ੋਰ ਵਿੱਚ ਇੱਕ ਬਹੁਤ ਗੰਭੀਰ ਘਟਨਾ ਚੱਕਰ ਦੇਸ਼ ਦੇ ਧਿਆਨ 'ਚ ਨਹੀਂ ਆਇਆ। 2012 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਹਿਲੀ ਵਾਰ ਡਰੱਗ ਦੇ ਚੱਕਰ ਦਾ ਪਾਰਦਾ ਫਾਸ਼ ਹੋਇਆ ਸੀ, ਜੋ ਦੂਸਰੇ ਸੂਬਿਆਂ ਖਾਸ ਕਰ ਕੇ ਗੁਜਰਾਤ ਦੇ ਸਾਰੇ ਜ਼ਿਲ੍ਹਿਆਂ ਤੱਕ ਫੈਲ ਗਈ ਹੈ। ਚੋਣ ਕਮਿਸ਼ਨ ਵੱਲੋਂ ਡਰੱਗ ਫੜਨ ਦੀਆਂ ਸਭ ਤੋਂ ਵੱਡੀਆਂ ਖੇਪਾਂ ਦੀਆਂ ਖਬਰਾਂ ਵਿੱਚ ਦੇਸ਼ ਦੇ ਜ਼ਿਆਦਾ ਨੇਤਾਵਾਂ ਦਾ ਧਿਆਨ ਇਸ ਪਾਸੇ ਨਹੀਂ ਗਿਆ।

10 ਮਈ ਤੱਕ ਚੋਣ ਕਮਿਸ਼ਨ ਵੱਲੋਂ 3377 ਕਰੋੜ ਰੁਪਏ ਦੀ ਬਰਾਮਦਗੀ ਵਿੱਚ ਡਰੱਗ ਤੇ ਨਸ਼ੀਲੇ ਪਦਾਰਥਾਂ ਦੀ ਸੂਚੀ ਵਿੱਚ ਸਭ ਤੋਂ ਉਪਰ ਹੈ, ਜਿਨ੍ਹਾਂ ਦੀ ਕੀਮਤ 1252 ਕਰੋੜ ਹੈ, ਜੋ ਕੁੱਲ ਬਰਾਮਦਗੀ ਦਾ ਇੱਕ-ਤਿਹਾਈ ਹੈ। ਇਸ ਸੂਚੀ ਵਿੱਚ ਪੰਜਾਬ ਦਾ ਨੰਬਰ ਸਭ ਤੋਂ ਉਪਰ ਨਹੀਂ, ਡਰਾਈ ਸੂਬੇ ਗੁਜਰਾਤ ਦਾ ਨਾਂਅ ਸਭ ਤੋਂ ਉਪਰ ਹੈ। ਗੁਜਰਾਤ ਵਿੱਚ 525 ਕਰੋੜ ਰੁਪਏ ਦੀ ਬਰਾਮਦਗੀ ਹੋਈ, ਜੋ ਪੰਜਾਬ ਦੇ 215 ਕਰੋੜ ਰੁਪਏ ਨਾਲੋਂ ਕਾਫੀ ਵੱਧ ਹੈ। ਦਿੱਲੀ ਦੇ ਐੱਨ ਪੀ ਜ਼ਿਲ੍ਹਿਆਂ ਵਿੱਚ 372 ਕਰੋੜ ਰੁਪਏ ਦੀ ਬਰਾਮਦਗੀ ਕੀਤੀ ਗਈ ਹੈ। ਭਾਵੇਂ ਇਹ ਖਬਰ ਧੱਕਾ ਪਹੁੰਚਾਉਣ ਵਾਲੀ ਹੈ, ਪਰ ਡਰੱਗ ਦੀ ਸਮੱਸਿਆ ਨਾਲ ਨਜਿੱਠਣ ਵਾਲੇ ਲੋਕਾਂ ਲਈ ਇਹ ਹੈਰਾਨੀ ਵਾਲੀ ਗੱਲ ਹੈ। ਮਾਰਚ ਵਿੱਚ ਰਿਪੋਰਟ ਆਈ ਸੀ ਕਿ ਗੁਜਰਾਤ ਡਰੱਗ ਦੀ ਓਵਰ ਡੋਜ਼ ਨਾਲ ਹੋਈਆਂ ਮੌਤਾਂ ਨਾਲ ਤੀਸਰਾ ਸਭ ਤੋਂ ਵੱਡਾ ਪ੍ਰਭਾਵਤ ਸੂਬਾ ਹੈ। 2017 ਵਿੱਚ ਗੁਜਰਾਤ ਵਿੱਚ 2327 ਕਿਲੋਗਰਾਮ ਗਾਂਜਾ ਫੜਿਆ ਗਿਆ ਸੀ, ਜਦ ਕਿ ਪੰਜਾਬ ਵਿੱਚ 1711 ਕਿਲੋਗਰਾਮ ਫੜਿਆ ਸੀ।

## ਇਸਰੋ ਨੇ ਰਾਡਾਰ ਇਮੇਜ਼ਿੰਗ ਪ੍ਰਿਥਵੀ ਨਿਗਰਾਨੀ ਸੈਟੇਲਾਈਟ ਦਾਗਿਆ



ਸ਼੍ਰੀਹਰਿਕੋਟਾ, 22 ਮਈ (ਪੋਸਟ ਬਿਊਰੋ)- ਪੀ ਐੱਸ ਐੱਲ ਵੀ-ਸੀ46 ਨੂੰ ਉਸ ਦੇ 48ਵੇਂ ਮਿਸ਼ਨ ਉੱਤੇ ਅੱਜ ਸਵੇਰੇ ਸਾਢੇ ਪੰਜ ਵਜੇ ਸ਼੍ਰੀਹਰਿਕੋਟਾ ਦੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਲਾਂਚ ਕਰ ਦਿੱਤਾ ਗਿਆ ਹੈ। ਇਸ ਨੇ ਆਰ ਆਈਸੈਟ-2ਬੀ ਨੂੰ ਲੋਅ ਅਰਥ ਆਰਬਿਟ ਵਿੱਚ ਸਫ਼ਲਤਾ ਪੂਰਵਕ ਸਥਾਪਤ ਕੀਤਾ ਹੈ।

ਇਸ ਸੰਬੰਧ ਵਿੱਚ ਭਾਰਤ ਦੀ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ (ਇਸਰੋ) ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਵੱਖ ਹੋਣ ਪਿੱਛੋਂ ਆਰ ਆਈਸੈਟ-2ਬੀ ਦੇ ਸੋਲਰ ਪੈਨਲਾਂ ਨੂੰ ਆਟੋਮੈਟੀਕਲੀ ਤੇ ਇਸਰੋ ਟੈਲੀਮੈਟ੍ਰੀ ਟ੍ਰੈਕਿੰਗ ਅਤੇ ਕਮਾਂਡ ਨੈੱਟਵਰਕ ਨੂੰ ਬੈਂਗਲੁਰੂ ਵਿੱਚ ਤਾਇਨਾਤ ਕੀਤਾ ਗਿਆ ਤੇ ਆਉਂਦੇ ਦਿਨਾਂ ਵਿੱਚ ਇਸ ਉਪ ਗ੍ਰਹਿ ਨੂੰ ਆਪਣੇ ਲਾਸਟ ਆਪਰੇਟਿੰਗ ਕਨਫਿਗਰੇਸ਼ਨ ਵਿੱਚ ਵੀ ਲਿਆਂਦਾ ਜਾਵੇਗਾ।' ਇਸਰੋ ਨੇ ਸ਼੍ਰੀਹਰਿਕੋਟਾ ਤੋਂ ਲਾਂਚਿੰਗ ਵਾਹਨ ਪੀ ਐੱਸ ਐੱਲ ਵੀ-ਸੀ46 ਨਾਲ ਭਾਰਤ ਦੇ ਹਰ ਮੌਸਮ ਦੇ ਰਡਾਰ ਇਮੇਜਿੰਗ ਪ੍ਰਿਥਵੀ ਚੌਕਸੀ ਵਾਲੇ ਉਪ ਗ੍ਰਹਿ ਆਰ ਆਈਸੈਟ-2ਬੀ' ਦਾ ਸਫ਼ਲ ਪ੍ਰੀਖਣ ਕੀਤਾ ਹੈ। ਇਹ ਪ੍ਰੀਖਣ ਸਵੇਰੇ ਸਾਢੇ ਪੰਜ ਵਜੇ ਕੀਤਾ ਗਿਆ। ਇਸ ਬਾਰੇ ਇਸਰੋ ਨੇ ਦੱਸਿਆ ਕਿ ਪੀ ਐੱਸ ਐੱਲ ਵੀ-ਸੀ46 ਨੇ ਆਰ ਆਈਸੈਟ-2ਬੀ ਨੂੰ ਪ੍ਰਿਥਵੀ ਦੇ ਲੋਅ ਅਰਥ ਆਰਬਿਟ ਵਿੱਚ ਸਫ਼ਲਤਾ ਪੂਰਵਕ ਸਥਾਪਿਤ ਕੀਤਾ ਹੈ। ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਉਪ ਗ੍ਰਹਿ ਦਾ ਭਾਰ 615 ਕਿਲੋਗ੍ਰਾਮ ਹੈ ਅਤੇ ਇਸ ਨੂੰ ਲਾਂਚ ਕਰਨ ਦੇ 15 ਮਿੰਟ ਪਿੱਛੋਂ ਧਰਤੀ ਦੇ ਹੇਠਲੇ ਪੰਧ ਵਿੱਚ ਛੱਡਿਆ ਗਿਆ ਹੈ। ਇਹ ਸੈਟੇਲਾਈਟ ਖੁਫ਼ੀਆ ਨਿਗਰਾਨੀ, ਖੇਤੀ, ਜੰਗਲ ਤੇ ਆਫ਼ਤ ਪ੍ਰਬੰਧ ਦੇ ਖੇਤਰਾਂ ਵਿੱਚ ਮਦਦ ਕਰੇਗਾ। ਇਸਰੋ ਦੇ ਮੁਖੀ ਕੇ ਸ਼ਿਵਨ ਨੇ ਸੈਟੇਲਾਈਟ ਦੀ ਸਫ਼ਲ ਲਾਂਚਿੰਗ ਉੱਤੇ ਖ਼ੁਸ਼ੀ ਪ੍ਰਗਟਾਈ ਅਤੇ ਕਿਹਾ, 'ਮੈਨੂੰ ਇਹ ਦੱਸਦੇ ਹੋਏ ਬੇਹੱਦ ਖ਼ੁਸ਼ੀ ਹੋ ਰਹੀ ਹੈ ਕਿ ਪੀ ਐੱਸ ਐੱਲ ਵੀ-ਸੀ46 ਦੀ ਲਾਂਚਿੰਗ ਸਫ਼ਲ ਰਹੀ ਹੈ ਅਤੇ ਇਹ ਵੱਡੀ ਪ੍ਰਾਪਤੀ ਹੈ।' ਉਨ੍ਹਾਂ ਇਸ ਮਿਸ਼ਨ ਨੂੰ ਬਹੁਤ ਮਹੱਤਵ ਪੂਰਨ ਦੱਸਿਆ। ਸ਼ਿਵਨ ਦੇ ਮੁਤਾਬਿਕ ਆਰ ਆਈਸੈਟ-2ਬੀ ਤੋਂ ਬਾਅਦ ਇਸਰੋ ਚੰਦਰਯਾਨ-2 ਉੱਤੇ ਕੰਮ ਕਰੇਗਾ, ਜਿਸ ਦਾ 9 ਤੋਂ 16 ਜੁਲਾਈ ਵਿਚਾਲੇ ਲਾਂਚਿੰਗ ਦਾ ਪ੍ਰੋਗਰਾਮ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਸ਼ੇਰਪਾ ਨੇ ਇੱਕੋ ਹਫਤੇ ਵਿੱਚ ਦੂਜੀ ਵਾਰ ਮਾਊਂਟ ਐਵਰੈਸਟ ਨੂੰ ਫਤਹਿ ਕੀਤਾ



ਕਾਠਮੰਡੂ, 22 ਮਈ (ਪੋਸਟ ਬਿਊਰੋ)- ਨੇਪਾਲ ਦੇ ਇਕ ਸ਼ੇਰਪਾ ਨੇ 24ਵੀਂ ਵਾਰ ਮਾਊਂਟ ਐਵਰੈਸਟ ਫਤਹਿ ਕਰ ਲਈ ਹੈ। ਪਿਛਲੇ ਹਫਤੇ 23ਵੀਂ ਵਾਰ ਐਵਰੈਸਟ ਦੀ ਚੜ੍ਹਾਈ ਕਰਕੇ ਆਪਣਾ ਰਿਕਾਰਡ ਤੋੜਨ ਵਾਲੇ ਕਾਮੀ ਰਿਤਾ ਸ਼ੇਰਪਾ ਕੱਲ੍ਹ ਇਕ ਵਾਰ ਫਿਰ ਐਵਰੈਸਟ ਦੇ ਸਿਖਰ ਉੱਤੇ ਪੁੱਜ ਗਏ।

ਕੱਲ੍ਹ ਇਸ ਨਿਪਾਲੀ ਸ਼ੇਰਪਾ ਨੇ ਮਾਊਂਟ ਐਵਰੈਸਟ ਉੱਤੇ 24ਵੀਂ ਵਾਰ ਚੜ੍ਹਾਈ ਕਰਨ ਦਾ ਰਿਕਾਰਡ ਬਣਾ ਲਿਆ। ਉਸ ਨੇ ਇਕੋ ਹਫਤੇ ਵਿੱਚ ਦੂਜੀ ਵਾਰ ਐਵਰੈਸਟ ਉੱਤੇ ਚੜ੍ਹਾਈ ਕੀਤੀ ਹੈ। ਉਨ੍ਹਾਂ ਰਿਟਾਇਰ ਹੋਣ ਤੋਂ ਪਹਿਲਾਂ 24 ਵਾਰ ਐਵਰੈਸਟ ਨੂੰ ਫਤਹਿ ਕਰ ਲਿਆ ਹੈ। ਸੈਰ ਸਪਾਟਾ ਵਿਭਾਗ ਦੇ ਅਧਿਕਾਰੀ ਮੀਰਾ ਅਚਾਰਿਆ ਨੇ ਕਿਹਾ ਕਿ ਕਾਮੀ ਰਿਤਾ ਸ਼ੇਰਪਾ 49 ਸਾਲ ਦੇ ਹਨ ਅਤੇ ਉਨ੍ਹਾਂ ਨੇ 'ਟ੍ਰੈਡੀਸ਼ਨਲ ਸਾਊਥ ਈਸਟ ਰਿਜ ਰੂਟ' ਜ਼ਰੀਏ 8,850 ਮੀਟਰ ਐਵਰੈਸਟ 'ਤੇ ਚੜ੍ਹਾਈ ਕੀਤੀ ਸੀ। ਵਰਨਣ ਯੋਗ ਹੈ ਕਿ ਇਸ ਰੂਟ ਦੇ ਰਾਹੀਂ ਸਭ ਤੋਂ ਪਹਿਲਾਂ ਨਿਊਜ਼ੀਲੈਂਡ ਦੇ ਸਰ ਐਡਮੰਡ ਹਿਲੇਰੀ ਅਤੇ ਸ਼ੇਰਪਾ ਤੇਨਜ਼ਿੰਗ ਨਾਰਗੇ ਨੇ 1953 ਵਿੱਚ ਚੜ੍ਹਾਈ ਕੀਤੀ ਸੀ। ਇਸ ਤੋਂ ਇਲਾਵਾ ਦੋ ਹੋਰ ਸ਼ੇਰਪਾ ਨੇ ਵੀ 21 ਵਾਰ ਐਵਰੈਸਟ ਦੀ ਚੜ੍ਹਾਈ ਕੀਤੀ ਹੈ। 24 ਵਾਰ ਚੜ੍ਹਾਈ ਕਰਨ ਵਾਲੇ ਕਾਮੀ ਦਾ ਕਹਿਣਾ ਹੈ ਕਿ ਉਹ ਹਾਲੇ ਵੀ ਮਜ਼ਬੂਤ ਹੈ ਤੇ ਇਕ ਹੋਰ ਵਾਰ ਐਵਰੈਸਟ 'ਤੇ ਚੜ੍ਹਨਾ ਚਾਹੁੰਦੇ ਹਨ। ਉਹ ਸੋਲੁਖੁੰਬੂ ਜ਼ਿਲੇ ਦੇ ਥਾਮੇ ਪਿੰਡ ਦੇ ਰਹਿਣ ਵਾਲੇ ਹਨ।

## ਇੰਡੋਨੇਸ਼ੀਆ ਵਿੱਚ ਚੋਣ ਨਤੀਜਿਆਂ ਨਾਲ ਹਿੰਸਾ ਭੜਕੀ, 6 ਮੌਤਾਂ, 200 ਜ਼ਖ਼ਮੀ

ਜਕਾਰਤਾ, 22 ਮਈ (ਪੋਸਟ ਬਿਊਰੋ)- ਇੰਡੋਨੇਸ਼ੀਆ ਵਿੱਚ ਰਾਸ਼ਟਰਪਤੀ ਚੋਣਾਂ ਵਿੱਚ ਹਾਰੇ ਹੋਏ ਉਮੀਦਵਾਰ ਸਾਬਕਾ ਜਨਰਲ ਪ੍ਰਬੋਵੋ ਸੁਬਿਆਂਤੋ ਦੇ ਸਮਰਥਕਾਂ ਅਤੇ ਸੁਰਖਿਆ ਫੌਜ ਵਿਚਾਲੇ ਲੜਾਈ ਹੋਣ ਦੀ ਖਬਰ ਹੈ।



ਪਤਾ ਲੱਗਾ ਹੈ ਕਿ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਨੇ ਪੁਲਿਸ ਦੀ ਇਕ ਇਮਾਰਤ ਅਤੇ ਗੱਡੀਆਂ ਨੂੰ ਅੱਗ ਲਾ ਦਿਤੀ ਹੈ। ਇਸ ਕਾਰਨ 6 ਲੋਕਾਂ ਦੀ ਮੌਤ ਹੋ ਗਈ ਤੇ ਹੋਰ 200 ਜ਼ਖ਼ਮੀ ਹੋ ਗਏ। ਰਾਸ਼ਟਰੀ ਪੁਲਿਸ ਬੁਲਾਰੇ ਡੇਡੀ ਪਰਸਤਿਯੋ ਨੇ ਦਸਿਆ ਕਿ ਪ੍ਰਰਦਸ਼ਨਕਾਰੀ ਮੰਗਲਵਾਰ ਰਾਤ ਹਿੰਸਕ ਹੋ ਗਏ ਤੇ ਹਿੰਸਾ ਪੂਰੀ ਰਾਤ ਜਾਰੀ ਰਹੀ। ਬੁਧਵਾਰ ਨੂੰ ਹਜ਼ਾਰਾਂ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਅਧਿਕਾਰੀਆਂ ਨੇ ਇਥੇ ਅਤਿਵਾਦੀ ਹਮਲੇ ਹੋਣ ਦਾ ਸ਼ੱਕ ਪ੍ਰਗਟਾਇਆ ਤੇ ਲੋਕਾਂ ਨੂੰ ਵਧੇਰੇ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਈ ਕੱਟੜਪੰਥੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਪ੍ਰਦਰਸ਼ਨਾਂ ਦੌਰਾਨ ਹਮਲਿਆਂ ਦੀ ਯੋਜਨਾ ਬਣਾ ਰਹੇ ਸਨ। ਇਥੇ ਸੋਸ਼ਲ ਮੀਡੀਆ ਉੱਤੇ ਵੀ ਰੋਕ ਲਾਈ ਗਈ ਹੈ।

ਇੰਡੋਨੇਸ਼ੀਆ ਦੇ ਚੋਣ ਵਿਭਾਗ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਰਾਸ਼ਟਰਪਤੀ ਜੋਕੋ ਵਿਡੋਡੋ ਨੇ 17 ਅਪ੍ਰੈਲ ਨੂੰ ਚੋਣਾਂ ਵਿੱਚ ਜਿੱਤ ਹਾਸਲ ਕੀਤੀ ਹੈ। ਉਹ ਦੂਜੇ ਕਾਰਜਕਾਲ ਲਈ 55.5 ਫ਼ੀਸਦੀ ਵੋਟਾਂ ਨਾਲ ਦੋਬਾਰਾ ਰਾਸ਼ਟਰਪਤੀ ਚੁਣੇ ਗਏ ਹਨ। ਉਨ੍ਹਾਂ ਦੇ ਵਿਰੋਧੀ ਉਮੀਦਵਾਰ ਸਾਬਕਾ ਜਨਰਲ ਪ੍ਰਬੋਵੋ ਸੁਬਿਆਂਤੋ ਨੇ ਚੋਣ ਨਤੀਜਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਤੇ ਅਪਣੇ-ਆਪ ਨੂੰ ਜੇਤੂ ਐਲਾਨ ਕੀਤਾ ਹੈ। ਉਨ੍ਹਾਂ ਦੀ ਯੋਜਨਾ ਚੋਣਾਂ ਨੂੰ ਸੰਵਿਧਾਨਕ ਅਦਾਲਤ ਵਿੱਚ ਚੁਣੌਤੀ ਦੇਣ ਦੀ ਹੈ। ਜਕਾਰਤਾ ਦੇ ਗਵਰਨਰ ਐਨਿਜ਼ ਬਾਸਵੇਡਾਨ ਨੇ ਕਿਹਾ ਕਿ ਮੰਗਲਵਾਰ ਰਾਤ ਭੜਕੇ ਹੋਏ ਲੋਕਾਂ ਨੇ ਪ੍ਰਦਰਸ਼ਨ ਸ਼ੁਰੂ ਕਰ ਦਿਤੇ ਹਨ। ਪੁਲਿਸ ਨੇ ਉਨ੍ਹਾਂ ਨੂੰ ਹਟਾਉਣ ਲਈ ਹੰਝੂ ਗੈਸ ਦੇ ਗੋਲੇ ਵੀ ਛੱਡੇ ਹਨ।

## ਸਾਬਕਾ ਆਸਟਰੇਲੀਅਨ ਬੱਲੇਬਾਜ ਸਲੇਟਰ ਨੂੰ ਜਹਾਜ਼ ਤੋਂ ਬਾਹਰ ਕੀਤਾ ਗਿਆ

ਮੈਲਬਰਨ, 22 ਮਈ (ਪੋਸਟ ਬਿਊਰੋ)- ਸਾਬਕਾ ਆਸਟ੍ਰੇਲੀਆਈ ਬੱਲੇਬਾਜ਼ ਮਾਈਕਲ ਸਲੇਟਰ ਨੂੰ ਆਪਣੇ ਦੋ ਸਾਥੀਆਂ ਨਾਲ ਜਹਾਜ਼ ਵਿੱਚ ਬਹਿਸ ਅਤੇ ਗਾਲ੍ਹਾਂ ਕੱਢਣ ਦੇ ਕਾਰਨ ਉਡਾਣ 'ਚ ਤੀਹ ਮਿੰਟ ਦੀ ਦੇਰੀ ਹੋਣ ਕਾਰਨ ਜਹਾਜ਼ ਵਿੱਚੋਂ ਹੀ ਬਾਹਰ ਕੱਢ ਦਿੱਤਾ ਗਿਆ, ਜਿਸ ਦੀ ਹਰ ਪਾਸੇ ਚਰਚਾ ਹੈ। ਕੱਲ੍ਹ ਸਾਹਮਣੇ ਆਈ ਰਿਪੋਰਟ ਅਨੁਸਾਰ ਸਲੇਟਰ ਨੇ ਦੱਸਿਆ ਕਿ ਐਤਵਾਰ ਨੂੰ ਜਦੋਂ ਉਹ ਸਿਡਨੀ ਤੋਂ ਵਾਗਾ ਤੱਕ ਦੀ ਕਵਾਂਟਸ ਫਲਾਈਟ ਰਾਹੀਂ ਆਪਣੇ ਦੋ ਦੋਸਤਾਂ ਨਾਲ ਜਾ ਰਿਹਾ ਸੀ, ਉਦੋਂ ਉਸ ਦੀ ਉਨ੍ਹਾਂ ਨਾਲ ਬਹਿਸ ਹੋ ਗਈ। ਉਨ੍ਹਾਂ ਵਿਚਾਲੇ ਕਾਫੀ ਤਿੱਖੀ ਬਹਿਸ ਹੋਈ ਤੇ ਗਾਲੀ ਗਲੋਚ ਹੋ ਗਿਆ, ਜਿਸ ਤੋਂ ਬਾਅਦ ਉਸ ਨੇ ਜਹਾਜ਼ ਦੇ ਟਾਇਲਟ ਵਿੱਚ ਖੁਦ ਨੂੰ ਬੰਦ ਕਰ ਲਿਆ ਤੇ ਬਾਹਰ ਆਉਣ ਤੋਂ ਇਨਕਾਰ ਕਰ ਦਿੱਤਾ ਤਾਂ ਸੁਰੱਖਿਆ ਸਟਾਫ ਨੂੰ ਬੁਲਾਉਣਾ ਪਿਆ। ਉਸ ਨੇ ਖੁਦ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਸਾਬਕਾ ਕ੍ਰਿਕਟਰ ਅਤੇ ਟੀ ਵੀ ਕੁਮੈਂਟੇਟਰ ਸਲੇਟਰ ਨੇ ਆਈ ਸੀ ਸੀ ਵਿਸ਼ਵ ਕੱਪ 2019 ਵਿੱਚ ਵੀ ਕੁਮੈਂਟੇਟਰ ਦੀ ਭੂਮਿਕਾ ਨਿਭਾਉਣੀ ਹੈ। ਸਲੇਟਰ ਨੇ ਜਹਾਜ਼ ਵਿੱਚ ਆਪਣੇ ਵਤੀਰੇ ਕਾਰਨ ਦੇਰੀ ਕਰਾਉਣ ਲਈ ਮੁਆਫੀ ਮੰਗੀ ਹੈ। ਉਸ ਨੇ ਕਿਹਾ, 'ਮੇਰਾ ਵਾਗਾ ਜਾਂਦੇ ਹੋਏ ਆਪਣੇ ਦੋ ਦੋਸਤਾਂ ਨਾਲ ਝਗੜਾ ਹੋ ਗਿਆ ਅਤੇ ਇਸ ਕਾਰਨ ਹੋਰਨਾਂ ਯਾਤਰੀਆਂ ਨੂੰ ਜਿਹੜੀ ਪ੍ਰੇਸ਼ਾਨੀ ਹੋਈ, ਮੈਂ ਉਸ ਦੀ ਮੁਆਫੀ ਮੰਗਦਾ ਹਾਂ।' ਕਵਾਂਟਸ ਜਹਾਜ਼ ਕੰਪਨੀ ਨੇ ਵੀ ਪੁਸ਼ਟੀ ਕੀਤੀ ਹੈ ਕਿ ਇਸ ਕਾਰਨ ਸਲੇਟਰ ਨੂੰ ਜਹਾਜ਼ ਤੋਂ ਲਾਹ ਦਿੱਤਾ ਗਿਆ ਸੀ। ਸਾਬਕਾ ਬੱਲੇਬਾਜ਼ 1993 ਤੋਂ 2001 ਤੱਕ ਆਸਟਰੇਲੀਆਈ ਕ੍ਰਿਕਟ ਟੀਮ ਦਾ ਹਿੱਸਾ ਰਹਿ ਚੁੱਕਾ ਹੈ।

## ਡਰਬੀ ਵਿੱਚ ਆਧੁਨਿਕ ਸਿੱਖ ਆਰਟ ਗੈਲਰੀ ਬਣਨੀ ਸ਼ੁਰੂ

ਲੰਡਨ, 22 ਮਈ (ਪੋਸਟ ਬਿਊਰੋ)- ਪੰਜਾਬ ਅਤੇ ਪੰਜਾਬੀਆਂ ਦੇ ਇਤਿਹਾਸ ਨੂੰ ਦਿਖਾਉਂਦੀ ਆਧੁਨਿਕ ਅਤੇ ਵੱਡੀ ਸਿੱਖ ਆਰਟ ਗੈਲਰੀ ਦਾ ਕੰਮ ਲੰਡਨ ਦੇ ਡਰਬੀ ਸ਼ਹਿਰ ਵਿੱਚ ਜ਼ੋਰਾਂ ਨਾਲ ਜਾਰੀ ਹੈ। ਇਸ ਵਿੱਚ ਜਿੱਥੇ ਦਰਸ਼ਕਾਂ ਨੂੰ ਲੇਜ਼ਰ ਸ਼ੋਅ ਦੇਖਣ ਨੂੰ ਮਿਲੇਗਾ, ਉਥੇ ਮਸ਼ਹੂਰ ਚਿੱਤਰਕਾਰਾਂ ਦੀਆਂ ਪੇਂਟਿੰਗਾਂ ਦੇ ਨਾਲ ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਨ ਵਾਲੀਆਂ ਵਸਤੂਆਂ ਨਾਲ ਵੀ ਰੂ-ਬ-ਰੂ ਹੋਣ ਦਾ ਮੌਕਾ ਮਿਲਿਆ ਕਰੇਗਾ। ਇਸ ਗੈਲਰੀ ਦਾ ਸਾਰਾ ਕੰਮ ਪੰਜਾਬੀ ਲਿਟਰੇਰੀ ਐਂਡ ਆਰਟ ਗੈਲਰੀ ਅਕਾਦਮੀ ਦੇ ਚਿੱਤਰਕਾਰ ਸਰੂਪ ਸਿੰਘ, ਪ੍ਰੋਫੈਸਰ ਸ਼ਿੰਗਾਰਾ ਸਿੰਘ ਢਿੱਲੋਂ ਅਤੇ ਜਗਜੀਤ ਸਿੰਘ ਸਹੋਤਾ ਦੇਖ ਰਹੇ ਹਨ, ਪ੍ਰੰਤੂ ਇਸ ਦੇ ਕੰਮ ਵਿੱਚ ਇਥੇ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੇ ਇਲਾਵਾ ਡਾਕਟਰ, ਵਕੀਲ ਤੇ ਹੋਰ ਪੰਜਾਬੀ ਵੀ ਸਵੈ-ਇੱਛਾ ਨਾਲ ਹਿੱਸਾ ਪਾ ਰਹੇ ਹਨ। ਆਰਟ ਗੈਲਰੀ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਉਨ੍ਹਾਂ ਦਾ ਟੀਚਾ ਸਿੱਖ ਆਰਟ ਗੈਲਰੀ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ-ਪਹਿਲਾਂ ਪੂਰਾ ਕਰਨ ਦਾ ਹੈ। ਉਨ੍ਹਾਂ ਨੇ ਦੱਸਿਆ ਕਿ ਪ੍ਰਕਾਸ ਪੁਰਬ ਦੇ ਮੌਕੇ ਇਸ ਦਾ ਸ਼ੁੱਭ ਆਰੰਭ ਕੀਤਾ ਜਾਏਗਾ। ਗੈਲਰੀ ਵਿੱਚ ਕਿਸੇ ਪ੍ਰਕਾਰ ਦੀ ਕਾਨਫਰੰਸ ਜਾਂ ਸੈਮੀਨਾਰ ਲਈ ਵਿਸ਼ੇਸ਼ ਹਾਲ ਬਣਾਏ ਹਨ।

## ਪਾਕਿਸਤਾਨੀ ਨਾਗਰਿਕਾਂ ਨੂੰ ਬੰਗਲਾ ਦੇਸ਼ੀ ਵੀਜ਼ੇ ਨਾਂਹ ਹੋਣ ਲੱਗੀ

ਢਾਕਾ, 22 ਮਈ (ਪੋਸਟ ਬਿਊਰੋ)- ਇਸਲਾਮਾਬਾਦ ਵਿਚਲੇ ਬੰਗਲਾ ਦੇਸ਼ ਦੇ ਹਾਈ ਕਮਿਸ਼ਨ ਨੇ ਪਾਕਿਸਤਾਨੀ ਨਾਗਰਿਕਾਂ ਨੂੰ ਪਿਛਲੇ ਇਕ ਹਫਤੇ ਤੋਂ ਵੀਜ਼ਾ ਜਾਰੀ ਕਰਨਾ ਬੰਦ ਕਰ ਦਿੱਤ ਹੈ। ਇਸ ਨਾਲ ਦੋਵਾਂ ਦੇਸ਼ਾਂ 'ਚ ਕੂਟਨੀਤਕ ਤਣਾਅ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਦੱਸਿਆ ਜਾ ਰਿਹਾ ਹੈ।




ਪਤਾ ਲੱਗਾ ਹੈ ਕਿ ਪਾਕਿਸਤਾਨ 'ਚ ਤਾਇਨਾਤ ਇਕ ਬੰਗਲਾ ਦੇਸ਼ੀ ਕੂਟਨੀਤਕ ਦੇ ਪਰਵਾਰਕ ਮੈਂਬਰਾਂ ਨੂੰ ਵੀਜ਼ਾ ਨਾ ਦੇਣ ਦੇ ਵਿਰੋਧ 'ਚ ਇਹ ਕਦਮ ਚੁੱਕਿਆ ਗਿਆ ਹੈ। ਬੰਗਲਾ ਦੇਸ਼ 'ਚ 1971 ਦੇ ਮੁਕਤੀ ਸੰਘਰਸ਼ 'ਚ ਜੰਗੀ ਅਪਰਾਧ ਦੇ ਕਈ ਦੋਸ਼ੀਆਂ ਨੂੰ ਫਾਂਸੀ ਦੇਣ ਅਤੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਵੀਜ਼ੇ ਤੋ ਇਨਕਾਰ ਕੀਤੇ ਜਾਣ ਬਾਰੇ ਦੋਵਾਂ ਦੇਸ਼ਾਂ ਵਿੱਚ ਪਹਿਲਾਂ ਤੋਂ ਹੀ ਕੂਟਨੀਤਕ ਤਣਾਅ ਚੱਲ ਰਿਹਾ ਹੈ। ਇਸ ਸੰਬੰਧ ਵਿੱਚ ਬੰਗਲਾ ਦੇਸ਼ ਦੇ ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ, 'ਤੁਸੀਂ ਇਸ ਨੂੰ ਪਾਕਿਸਤਾਨ ਦੇ ਵਿਰੋਧ ਦਾ ਪ੍ਰਤੀਕ ਮੰਨ ਸਕਦੇ ਹੋ।' ਵਿਦੇਸ਼ ਵਿਭਾਗ ਨੇ ਰਸਮੀ ਤੌਰ 'ਤੇ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਇਸ ਅਧਿਕਾਰੀ ਨੇ ਕਿਹਾ ਕਿ ਢਾਕਾ 'ਚ ਪਾਕਿਸਤਾਨੀ ਹਾਈ ਕਮਿਸ਼ਨ ਵੀ ਬੰਗਲਾ ਦੇਸ਼ ਹਾਈ ਕਮਿਸ਼ਨ ਦੇ ਪ੍ਰੈਸ ਅਤੇ ਵੀਜ਼ਾ ਮਾਮਲਿਆਂ ਦੇ ਕੌਂਸਲਰ ਇਕਬਾਲ ਹੁਸੈਨ ਦੇ ਪਰਵਾਰਕ ਮੈਂਬਰਾਂ ਦੀ ਵੀਜ਼ਾ ਪ੍ਰਕਿਰਿਆ ਵਿੱਚ ਦੇਰੀ ਕਰ ਰਿਹਾ ਹੈ। ਇਸ ਨਾਲ ਉਹ ਆਪਣੇ ਪਰਵਾਰ ਨੂੰ ਮਿਲ ਨਹੀਂ ਰਹੇ। ਹੁਸੈਨ ਆਪਣੀ ਬੇਟੀ ਨਾਲ ਇਸਲਾਮਾਬਾਦ 'ਚ ਰਹਿ ਰਹੇ ਹਨ ਤੇ ਉਨ੍ਹਾਂ ਦੀ ਪਤਨੀ ਅਤੇ ਬੇਟਾ ਢਾਕਾ ਵਿੱਚ ਹਨ।

'ਢਾਕਾ ਟ੍ਰਿਬਿਊਨ' ਅਖਬਾਰ ਨੇ ਇਕਬਾਲ ਹੁਸੈਨ ਦੇ ਹਵਾਲੇ ਨਾਲ ਕਿਹਾ ਹੈ, 'ਪਾਕਿਸਤਾਨੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਨਹੀਂ ਕੀਤਾ ਜਾ ਰਿਹਾ।' ਇਸਲਾਮਾਬਾਦ ਦੇ ਬੰਗਲਾ ਦੇਸ਼ੀ ਹਾਈ ਕਮਿਸ਼ਨਰ ਦਾ ਵੀਜ਼ਾ ਕਾਊਂਟਰ 13 ਮਈ ਤੋਂ ਬੰਦ ਹੈ। ਇਸ ਬਾਰੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੂੰ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਮਾਰਚ 2018 ਵਿੱਚ ਸਕਲੈਨ ਸਈਅਦ ਨੂੰ ਬੰਗਲਾ ਦੇਸ਼ 'ਚ ਆਪਣਾ ਨਵਾਂ ਹਾਈ ਕਮਿਸ਼ਨਰ ਨਿਯੁਕਤ ਕੀਤਾ ਸੀ। ਤਦ ਬੰਗਲਾ ਦੇਸ਼ ਨੇ ਇਸ ਨਿਯੁਕਤੀ ਦਾ ਵਿਰੋਧ ਕਰਦੇ ਹੋਏ ਪਾਕਿਸਤਾਨ ਨੂੰ ਕਿਹਾ ਸੀ ਕਿ ਉਹ ਸਕਲੈਨ ਦੀ ਨਿਯੁਕਤੀ ਨੂੰ ਨਹੀਂ ਮੰਨ ਸਕਦਾ। ਉਨ੍ਹਾਂ ਦੀ ਥਾਂ ਕਿਸੇ ਹੋਰ ਨੂੰ ਨਾਮਜ਼ਦ ਕੀਤਾ ਜਾਵੇ।

## ਚਰਚ ਦੇ ਮੁਖੀ ਖਿਲਾਫ ਫਰਜ਼ੀ ਦਸਤਾਵੇਜ਼ ਬਣਾਉਣ ਵਾਲਾ ਅੜਿੱਕੇ ਆ ਗਿਆ

ਕੋਚੀ, 22 ਮਈ (ਪੋਸਟ ਬਿਊਰੋ)- ਸਾਇਰੋ-ਮਾਲਾਬਾਰ ਚਰਚ ਦੇ ਮੁਖੀ ਕਾਰਡੀਨਲ ਜਾਰਜ ਏਲੇਨਚੇਰੀ ਦੇ ਖਿਲਾਫ ਝੂਠੇ ਦਸਤਾਵੇਜ਼ ਬਣਾਉਣ ਦੇ ਦੋਸ਼ ਵਿੱਚ ਪੁਲਸ ਨੇ ਇਕ 24 ਸਾਲਾ ਨੌਜਵਾਨ ਗ੍ਰਿਫਤਾਰ ਕੀਤਾ ਹੈ। ਉਸ ਦੀ ਗ੍ਰਿਫਤਾਰੀ ਪਿੱਛੋਂ ਕੇਰਲ ਦੇ ਅਸਰਦਾਰ ਕੈਥੋਲਿਕ ਚਰਚ ਦੇ ਕੁਝ ਪਾਦਰੀ ਇਸ ਕਾਰਵਾਈ ਦੇ ਵਿਰੋਧ 'ਚ ਉਤਰ ਆਏ ਹਨ। ਉਨ੍ਹਾਂ ਨੇ ਇਸ ਦੇ ਖਿਲਾਫ ਧਰਨਾ ਮੁਜ਼ਾਹਰਾ ਵੀ ਕੀਤਾ ਹੈ।




ਅਸਲ ਵਿੱਚ ਸਾਇਰੋ-ਮਾਲਾਬਰ ਚਰਚ ਦੇ ਸਿਖਰਲੇ ਪਾਦਰੀਆਂ ਦੇ ਵਿਵਾਦਤ ਜ਼ਮੀਨ ਸੌਦੇ ਦਾ ਮੁੱਦਾ ਕਾਫੀ ਸਮੇਂ ਤੋਂ ਚਰਚਾ ਵਿੱਚ ਹੈ। ਏਰਨਾਕੁਲਮ-ਅੰਗਮਾਲੀ ਡਾਇਓਸਿਸ ਦੇ ਤਿੰਨ ਬਿਸ਼ਪ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਨੌਜਵਾਨ ਆਦਿੱਤਿਆ ਵਲਾਵੀ ਦੀ ਗ੍ਰਿਫਤਾਰੀ ਖਿਲਾਫ ਉਤਰ ਆਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਆਦਿੱਤਿਆ ਆਈ ਆਈ ਟੀ ਤੋਂ ਪੋਸਟ ਗ੍ਰੈਜੁਏਟ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਉਹ ਅਪਰਾਧੀ ਨਹੀਂ ਤੇ ਫਰਜ਼ੀ ਦਸਤਾਵੇਜ਼ ਤਿਆਰ ਕਰਨ 'ਚ ਉਸ ਦੀ ਕੋਈ ਭੂਮਿਕਾ ਨਹੀਂ। ਪਾਦਰੀਆਂ ਦਾ ਦਾਅਵਾ ਹੈ ਕਿ ਆਦਿੱਤਿਆ ਕੋਚੀ 'ਚ ਇਕ ਬਿਜ਼ਨਸ ਗਰੁੱਪ ਨਾਲ ਇੰਟਰਨ ਦੇ ਤੌਰ 'ਤੇ ਕੰਮ ਕਰਦਾ ਹੈ। ਆਦਿੱਤਿਆ ਨੇ ਕੰਪਨੀ ਦੇ ਕੰਪਿਊਟਰ ਸਰਵਰ ਤੋਂ ਏਲੇਨਚੇਰੀ ਦੇ ਨਾਂ ਵਾਲੇ ਦਸਤਾਵੇਜ਼ ਦਾ ਸਕ੍ਰੀਨ ਸ਼ਾਟ ਲਿਆ ਤੇ ਉਸ ਨੂੰ ਪਾਦਰੀ ਦੇ ਨੋਟਿਸ 'ਚ ਲਿਆਂਦਾ ਸੀ, ਜਿਸ ਨੂੰ ਉਹ ਜਾਣਦਾ ਸੀ। ਜਿਸ ਪਾਦਰੀ ਦੇ ਨੋਟਿਸ 'ਚ ਇਹ ਲਿਆਂਦਾ ਗਿਆ ਸੀ, ਉਸ ਨੇ ਦੂਜੇ ਪਾਦਰੀ ਨਾਲ ਇਸ ਨੂੰ ਸਾਂਝਾ ਕੀਤਾ ਸੀ। ਏਰਨਾਕੁਲਮ-ਅੰਗਮਾਲੀ ਆਰਡ ਡਾਇਓਸਿਸ ਦੇ ਬਿਸ਼ਪ ਦੇ ਪਾਦਰੀਆਂ ਨੇ ਇਸ ਜਾਲਸਾਜ਼ੀ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਕਾਰਨੀਡਲ ਜਾਰਜ ਏਲੇਨਚੇਰੀ ਖਿਲਾਫ ਫਰਜ਼ੀ ਦਸਤਾਵੇਜ਼ ਬਣਾਉਣ ਦੇ ਦੋਸ਼ 'ਚ ਮੁਲਜ਼ਮ ਬਣਾਏ ਗਏ ਸਾਇਰੋ ਮਾਲਾਬਾਰ ਕੈਥੋਲਿਕ ਚਰਚ ਦੇ ਪਾਦਰੀ ਏਕੇਟੋਨੀ ਨੇ ਪੇਸ਼ਗੀ ਜ਼ਮਾਨਤ ਦੀ ਮੰਗ ਕੀਤੀ ਹੈ।

## ਜੋਕੋ ਵਿਡੋਡੋ ਦੂਜੀ ਵਾਰ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਬਣੇ

ਜਕਾਰਤਾ, 22 ਮਈ (ਪੋਸਟ ਬਿਊਰੋ)- ਇੰਡੋਨੇਸ਼ੀਆ ਦੇ ਰਾਸ਼ਟਰਪਤੀ ਜੋਕੋ ਵਿਡੋਡੋ ਨੂੰ ਸੰਸਾਰ ਦੇ ਇਸ ਤੀਜੇ ਸਭ ਤੋਂ ਵੱਡੇ ਲੋਕਤੰਤਰ ਦਾ ਫਿਰ ਰਾਸ਼ਟਰਪਤੀ ਚੁਣ ਲਿਆ ਗਿਆ ਹੈ। ਚੋਣ ਕਮਿਸ਼ਨ ਨੇ ਅਧਿਕਾਰਤ ਨਤੀਜਿਆਂ ਦਾ ਵਕਤ ਤੋਂ ਪਹਿਲਾਂ ਅਚਾਨਕ ਕੱਲ੍ਹ ਐਲਾਨ ਕਰ ਦਿੱਤਾ। ਇਸੇ ਕਾਰਨ ਅਮਨ ਭੰਗ ਹੋਣ ਦੇ ਖਦਸ਼ੇ ਕਾਰਨ ਪੂਰੇ ਜਕਾਰਤਾ ਵਿੱਚ ਹਜ਼ਾਰਾਂ ਜਵਾਨਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ।



ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਨੇ 17 ਅਪ੍ਰੈਲ ਨੂੰ ਹੋਈਆਂ ਚੋਣਾਂ ਦਾ ਐਲਾਨ ਕੱਲ੍ਹ ਕਰਨਾ ਸੀ, ਪਰ ਗੜਬੜ ਦੇ ਸ਼ੱਕ ਕਾਰਨ ਨਤੀਜਿਆਂ ਦਾ ਪਹਿਲਾਂ ਖੁਲਾਸਾ ਕਰ ਦਿੱਤਾ ਗਿਆ। ਕਮਿਸ਼ਨ ਨੇ ਦੱਸਿਆ ਕਿ 'ਇੰਡੋਨੇਸ਼ੀਅਨ ਡੈਮੋਕ੍ਰੇਟਿਕ ਪਾਰਟੀ ਆਫ ਸਟ੍ਰਗਲ' ਦੇ ਮੈਂਬਰ ਵਿਡੋਡੋ ਨੇ ਆਪਣੇ ਵਿਰੋਧੀ ਤੇ ਸੇਵਾਮੁਕਤ ਜਨਰਲ ਪ੍ਰਾਬੋਵੋ ਸੁਬਿਆਂਤੋ ਨੂੰ ਹਰਾਇਆ ਹੈ। ਵਿਡੋਡੋ (57) ਅਤੇ ਉਪ ਰਾਸ਼ਟਰਪਤੀ ਲਈ ਉਮੀਦਵਾਰ ਮਾਰੂਫ ਆਮੀਨ ਨੇ ਸੁਬਿਆਂਤੋ ਅਤੇ ਸਾਂਡਿਆਗਾ ਯੂਨੋ ਦੇ ਖਿਲਾਫ 55.5 ਫੀਸਦੀ ਤੋਂ ਲੈ ਕੇ 44.5 ਫੀਸਦੀ ਤੱਕ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਅਣ ਅਧਿਕਾਰਤ ਅੰਕੜਿਆਂ ਵਿੱਚ ਵਿਡੋਡੋ ਦੀ ਜਿੱਤ ਦਾ ਪਹਿਲਾਂ ਅੰਦਾਜ਼ਾ ਲਾਇਆ ਗਿਆ ਸੀ, ਪਰ ਸੁਬਿਆਂਤੋ (67) ਨੇ ਪੋਲਿੰਗ ਵਿੱਚ ਗੜਬੜੀ ਦਾ ਦੋਸ਼ ਲਾਉਂਦਿਆਂ ਵਿਡੋਡੋ ਦੀ ਜਿੱਤ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ ਅਤੇ ਚਿਤਾਵਨੀ ਦਿੱਤੀ ਸੀ ਕਿ ਇਸ ਨਾਲ ਮੁਲਕ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਸਕਦਾ ਹੈ। ਪੁਲਸ ਨੇ ਬੀਤੇ ਹਫਤੇ ਦੱਸਿਆ ਸੀ ਕਿ ਇਸਲਾਮਿਕ ਸਟੇਟ ਨਾਲ ਜੁੜੇ ਕਈ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਕੁਝ ਅੱਤਵਾਦੀਆਂ ਨੇ ਚੋਣਾਂ ਤੋਂ ਬਾਅਦ ਕਿਸੇ ਪ੍ਰਦਰਸ਼ਨ ਵਿੱਚ ਬੰਬ ਧਮਾਕਾ ਕਰਕੇ ਸ਼ਾਂਤੀ ਭੰਗ ਕਰਨ ਦੀ ਸਾਜ਼ਿਸ਼ ਘੜੀ ਹੈ।

## ਨਿਊਯਾਰਕ ਵਿੱਚ ਸੜਕ ਉੱਤੇ ਮੋਬਾਈਲ ਦੀ ਵਰਤੋਂ ਰੋਕਣ ਲਈ ਕਾਨੂੰਨ ਬਣਨ ਲੱਗਾ

ਨਿਊਯਾਰਕ, 22 ਮਈ (ਪੋਸਟ ਬਿਊਰੋ)- ਸਮਾਰਟਫ਼ੋਨ ਅੱਜ-ਕੱਲ੍ਹ ਲੋਕਾਂ ਦੀ ਬੁਨਿਆਦੀ ਲੋੜ ਹੋ ਗਿਆ ਹੈ। ਉਹ ਖਾਂਦੇ, ਪੀਂਦੇ, ਸੌਣ ਅਤੇ ਬਾਥਰੂਮ ਵਿੱਚ ਵੀ ਇਸ ਦੀ ਵਰਤੋਂ ਬਿਨਾਂ ਨਹੀਂ ਰਹਿ ਸਕਦੇ। ਸੜਕ ਉੱਤੇ ਪੈਦਲ ਚੱਲਦਿਆਂ ਜਿਹੜੇ ਲੋਕ ਏਦਾਂ ਮੋਬਾਈਲ ਦੀ ਵਰਤੋਂ ਕਰਦੇ ਹਨ, ਨਿਊਯਾਰਕ ਵਿੱਚ ਉਨ੍ਹਾਂ ਉੱਤੇ ਸਖਤੀ ਹੋਣ ਲੱਗੀ ਹੈ।



ਪਤਾ ਲੱਗਾ ਹੈ ਕਿ ਛੇਤੀ ਹੀ ਨਿਊਯਾਰਕ ਵਿੱਚ ਇਕ ਨਵੇਂ ਕਾਨੂੰਨ ਤਹਿਤ ਪੈਦਲ ਚੱਲਣ ਦੌਰਾਨ ਟਾਈਪਿੰਗ ਕਰਨ ਉੱਤੇ ਰੋਕ ਲੱਗ ਸਕਦੀ ਹੈ। ਨਿਊਯਾਰਕ ਵਿੱਚ ਇਸ ਬਾਰੇ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਤਹਿਤ ਸੜਕ ਉੱਤੇ ਚੱਲਦੇ ਹੋਏ ਜੇ ਕੋਈ ਮੋਬਾਈਲ ਦੀ ਟਾਈਪਿੰਗ ਕਰਦਾ ਵੇਖਿਆ ਗਿਆ ਤਾਂ ਉਸ ਉਤੇ ਜੁਰਮਾਨਾ ਲੱਗੇਗਾ। ਇਸ ਬਿਲ ਨੂੰ ਸਟੇਟ ਸੀਨੇਟ ਨੇ ਪੇਸ਼ ਕੀਤਾ ਅਤੇ ਇਸ ਨੂੰ ਬਰੂਕਲਿਨ ਅਸੈਂਬਲੀ ਦੇ ਫੈਲਿਕਸ ਆਰਟਿਜ਼ ਨੇ ਸਪਾਂਸਰ ਕੀਤਾ ਹੈ। ਇਸ ਦੇ ਮੁਤਾਬਕ ਸੜਕ ਪਾਰ ਕਰਨ ਸਮੇਂ ਕੋਈ ਵਿਅਕਤੀ ਹੱਥ ਵਿੱਚ ਫ਼ੋਨ ਫੜੇ ਵੇਖਿਆ ਜਾਵੇ ਤਾਂ ਉਸ ਨੂੰ 25 ਤੋਂ 50 ਡਾਲਰ ਤਕ ਜੁਰਮਾਨਾ ਲੱਗ ਸਕਦਾ ਹੈ ਤੇ 18 ਮਹੀਨੇ ਅੰਦਰ ਵਾਰ-ਵਾਰ ਫੜੇ ਜਾਣ ਵਾਲੇ ਪੈਦਲ ਯਾਤਰੀ ਨੂੰ 250 ਡਾਲਰ ਤਕ ਜੁਰਮਾਨਾ ਪੈ ਸਕਦਾ ਹੈ। ਕਵੀਨਜ਼ ਦੇ ਸੀਨੇਟਰ ਜੋਨ ਲੀਊ ਦੇ ਮੁਤਾਬਕ ਇਸ ਬਿਲ ਦਾ ਉਦੇਸ਼ ਹਾਦਸੇ ਰੋਕਣਾ ਹੈ। ਲੋਕ ਅਕਸਰ ਮੋਬਾਈਲ ਦੀ ਵਰਤੋਂ ਕਰਦਿਆਂ ਸੜਕ ਪਾਰ ਕਰਦੇ ਹੋਣ ਕਾਰਨ ਉਨ੍ਹਾਂ ਦਾ ਧਿਆਨ ਮੋਬਾਈਲ ਵੱਲ ਵੱਧ ਅਤੇ ਸੜਕ ਉੱਤੇ ਘੱਟ ਹੁੰਦਾ ਹੈ। ਪੇਸ਼ ਕੀਤੇ ਗਏ ਬਿਲ ਨਾਲ ਸੜਕ ਪਾਰ ਕਰਦਿਆਂ ਪੋਰਟੇਬਲ ਇਲੈਕਟ੍ਰੋਨਿਕਸ ਡਿਵਾਈਸ ਤੋਂ ਫੋਟੋ ਲੈਣ, ਭੇਜਣ, ਗੇਮ ਖੇਡਣ ਜਾਂ ਇੰਟਰਨੈਟ ਸਰਫ਼ਿੰਗ, ਈਮੇਲ, ਟੈਕਸਟ ਮੈਸੇਜ ਜਾਂ ਕੋਈ ਇਲੈਕਟ੍ਰੋਨਿਕ ਡਾਟਾ ਕੰਪੋਜ਼ ਕਰਨ, ਭੇਜਣ, ਪੜ੍ਹਨ, ਵਿਊ ਕਰਨ, ਐਕਸਿਸ ਕਰਨ, ਬ੍ਰਾਊਜ਼ ਜਾਂ ਸੇਵ ਤੇ ਰਿਟਵੀਟ ਕਰਨ ਦੀ ਪਾਬੰਦੀ ਹੋਵੇਗੀ। ਇਸ ਬਿਲ ਵਿੱਚ ਉਨ੍ਹਾਂ ਲੋਕਾਂ ਨੂੰ ਛੋਟ ਦਿੱਤੀ ਗਈ ਹੈ, ਜੋ ਐਮਰਜੈਂਸੀ ਵਿੱਚ ਕਿਸੇ ਹਸਪਤਾਲ, ਡਾਕਟਰ, ਫ਼ਾਇਰ ਬ੍ਰਿਗੇਡ ਜਾਂ ਪੁਲਿਸ ਨਾਲ ਗੱਲ ਕਰ ਰਹੇ ਹੋਣਗੇ। ਅਜਿਹਾ ਬਿਲ ਹਵਾਈ ਅਤੇ ਕੈਲੇਫ਼ੋਰਨੀਆ ਵਿੱਚ ਵੀ ਪਾਸ ਹੋ ਚੁੱਕਾ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN HANKOOK Continental ROADLUX BFGoodrich AEOLUS COMPASAL Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ Spring Sale
1715 Sismet Rd, Mississauga | Call Ranjit: 416.624.8351 | Tel: 905.625.0055

## ਅਕਾਲ ਤਖਤ ਦੇ ਜਥੇਦਾਰ ਵੱਲੋਂ ਗੁਰਮਤਿ ਯੂਨੀਵਰਸਿਟੀ ਸਥਾਪਤ ਕਰਨ ਦੀ ਯੋਜਨਾ ਪੇਸ਼

ਅੰਮ੍ਰਿਤਸਰ, 22 ਮਈ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਇੱਕ ਗੁਰਮਤਿ ਯੂਨੀਵਰਸਿਟੀ ਬਣਾਏ ਜਾਣ ਦੀ ਤਜਵੀਜ਼ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੀ ਤਾਲਮੇਲ ਕਮੇਟੀ ਦੀ ਮੀਟਿੰਗ 'ਚ ਸ਼ਾਮਲ ਹੋਣ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਕੱਲ੍ਹ ਏਥੇ ਪੁੱਜੇ ਸਨ। ਮੀਟਿੰਗ ਵਿੱਚ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਅਕਾਲ ਤਖਤ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਵੀ ਸਨ। ਇਸ ਮੀਟਿੰਗ ਦੇ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਯੂਨੀਵਰਸਿਟੀ ਸਥਾਪਤ ਕਰਨ ਦੀ ਯੋਜਨਾ ਬਣਾਈ ਗਈ ਹੈ। ਇਸ ਸਬੰਧ ਵਿੱਚ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਵੱਲੋਂ ਸਹਿਯੋਗ ਦੀ ਪੇਸ਼ਕਸ਼ ਕੀਤੀ ਗਈ ਹੈ ਅਤੇ ਇਹ ਯੂਨੀਵਰਸਿਟੀ ਤਖਤ ਦਮਦਮਾ ਸਾਹਿਬ ਜਾਂ ਹੋਰ ਜਿਥੇ ਥਾਂ ਮਿਲੇਗੀ, ਸਥਾਪਤ ਕੀਤੀ ਜਾਵੇਗੀ। ਇਹ ਯੂਨੀਵਰਸਿਟੀ ਸਿਰਫ ਸਿੱਖ ਧਰਮ, ਇਤਿਹਾਸ, ਗੁਰਬਾਣੀ ਆਦਿ ਦੇ ਅਧਿਐਨ ਅਤੇ ਖੋਜ ਕਾਰਜਾਂ ਤੇ ਗੁਰਮਤਿ ਵਿੱਦਿਆ ਦੇ ਲਈ ਕੰਮ ਕਰੇਗੀ। ਉਨ੍ਹਾਂ ਦੱਸਿਆ ਕਿ ਕੱਲ੍ਹ ਦੀ ਮੀਟਿੰਗ ਵਿੱਚ ਵਿੱਦਿਆ ਅਤੇ ਵਿੱਦਿਅਕ ਸੰਸਥਾਵਾਂ, ਸਿੱਖ ਸਰੋਕਾਰਾਂ, ਸਿੱਖ ਵਿਰਸਾ ਅਤੇ ਸੱਭਿਆਚਾਰ, ਸਿੱਖ ਆਰਥਿਕਤਾ, ਵਿਸ਼ਵ ਪੱਧਰ 'ਤੇ ਸਿੱਖਾਂ ਨਾਲ ਜੁੜੀਆਂ ਪ੍ਰਾਥਮਿਕਤਾਵਾਂ ਆਦਿ 'ਤੇ ਵਿਚਾਰ ਕੀਤਾ ਗਿਆ ਹੈ। ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ 550 ਸਾਲਾ ਪ੍ਰਕਾਸ਼ ਪੁਰਬ ਬਾਰੇ ਪ੍ਰੋਗਰਾਮਾਂ ਨੂੰ ਵੀ ਸਾਂਝਾ ਕੀਤਾ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਇੰ- ਦਰਪਾਲ ਸਿੰਘ ਨੇ ਜਾਣਕਾਰੀ ਦਿੱਤੀ ਕਿ ਯੂਨੈਸਕੋ ਵੱਲੋਂ ਸਥਾਨਕ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਸਾਲ ਦੇ ਲਈ ਸਮਰਪਿਤ 'ਗੁਰੂ ਨਾਨਕ, ਦੀ ਮਿਸਟਿਕ ਕਮਿਊਨੀਕੇਸ਼ਨ ਆਫ ਇੰਡੀਜੀਨਸ ਲੈਂਗੁਏਜ' ਸਬੰਧੀ ਸੈਮੀਨਾਰ ਸਤੰਬਰ ਮਹੀਨੇ ਵਿੱਚ ਕਰਵਾਇਆ ਜਾ ਰਿਹਾ ਹੈ।

## ਸਾਬਕਾ ਐਸ ਐਸ ਪੀ ਰਾਜਜੀਤ ਨੇ ਡਰੱਗ ਕੇਸ ਵਾਲੀ ਰਿਪੋਰਟ ਖੋਲ੍ਹਣ ਦੀ ਅਪੀਲ ਕੀਤੀ



(ਖੱਬੇ) ਸਾਬਕਾ ਐਸ ਐਸ ਪੀ ਰਾਜਜੀਤ ਸਿੰਘ (ਸੱਜੇ)ਸਾਬਕਾ ਡੀਜੀਪੀ ਅਰੋੜਾ ਨਾਲ।

ਚੰਡੀਗੜ੍ਹ, 22 ਮਈ (ਪੋਸਟ ਬਿਊਰੋ)- ਮੋਗਾ ਦੇ ਸਾਬਕਾ ਐਸ ਐਸ ਪੀ ਰਾਜਜੀਤ ਸਿੰਘ ਹੁੰਦਲ ਨੇ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਅਪੀਲ ਕਰਕੇ ਮੰਗ ਕੀਤੀ ਕਿ ਡਰੱਗ ਕੇਸ ਵਿੱਚ ਦਾਖਲ ਕੀਤੀ ਗਈ ਸੀਲਬੰਦ ਰਿਪੋਰਟ ਨੂੰ ਖੋਲ੍ਹਿਆ ਜਾਵੇ। ਇਹ ਰਿਪੋਰਟ ਅਦਾਲਤ ਵੱਲੋਂ ਪੰਜਾਬ ਦੇ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਅਤੇ ਦੋ ਹੋਰ ਸੀਨੀਅਰ ਅਧਿਕਾਰੀਆਂ ਨੂੰ ਨਿਯੁਕਤ ਕੀਤੇ ਜਾਣ ਪਿੱਛੋਂ ਉਨ੍ਹਾਂ ਨੇ ਸੌਂਪੀ ਸੀ ਅਤੇ ਹਾਈ ਕੋਰਟ ਨੇ ਨਿਰਦੇਸ਼ ਦਿੱਤੇ ਸਨ ਕਿ ਕਾਨੂੰਨ ਏਜੰਸੀਆਂ ਤੇ ਨਸ਼ਾ ਤਸਕਰਾਂ ਵਿਚਾਲੇ ਗੱਠਜੋੜ ਤੋੜਨ ਦੇ ਕੇਸ 'ਚ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਤੇ ਮੋਗਾ ਦੇ ਸਾਬਕਾ ਐਸ ਐਸ ਪੀ ਰਾਜਜੀਤ ਸਿੰਘ ਦੀ ਮਿਲੀਭੁਗਤ ਦੀ ਜਾਂਚ ਕੀਤੀ ਜਾਵੇ।

ਰਾਜਜੀਤ ਸਿੰਘ ਹੁੰਦਲ ਵੱਲੋਂ ਇਹ ਅਰਜ਼ੀ ਵਕੀਲ ਜਗਵਿੰਦਰ ਸਿੰਘ ਸੰਤਵਾਲ ਨੇ ਦਾਇਰ ਕੀਤੀ ਹੈ, ਜਿਸ ਬਾਰੇ ਸੁਣਵਾਈ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਰਾਜੀਵ ਸ਼ਰਮਾ ਦੀ ਵਿਸ਼ੇਸ਼ ਡਿਵੀਜ਼ਨ ਬੈਂਚ ਨੇ ਕਰਨੀ ਸੀ, ਪਰ ਕੱਲ੍ਹ ਬੈਂਚ ਬੈਠ ਨਹੀਂ ਸਕਿਆ। ਅਪੀਲ 'ਤੇ ਅਗਲੀ ਸੁਣਵਾਈ 31 ਜੁਲਾਈ ਨੂੰ ਹੋਵੇਗੀ। ਇਸ ਤੋਂ ਪਹਿਲਾਂ ਰਾਜਜੀਤ ਸਿੰਘ ਵੱਲੋਂ ਅਦਾਲਤ ਨੂੰ ਦੱਸਿਆ ਗਿਆ ਕਿ ਸਬੰਧਤ ਕੇਸ ਨਾਲ ਉਸ ਦਾ ਦੂਰ ਦਾ ਸਬੰਧ ਵੀ ਨਹੀਂ, ਪਰ ਉਸ ਨੂੰ ਵੱਡਾ ਝਟਕਾ ਲੱਗਾ ਜਦੋਂ ਉਸ ਨੂੰ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਨੇ ਕੇਸ ਵਿੱਚ ਜਾਂਚ ਲਈ ਸੰਮਨ ਕੀਤੇ ਸਨ। ਉਸ ਨੇ ਦਾਅਵਾ ਕੀਤਾ ਕਿ ਏ ਡੀ ਜੀ ਪੀ ਹਰਪ੍ਰੀਤ ਸਿੰਘ ਸਿੱਧੂ ਉਸ ਨਾਲ ਵਿਰੋਧ ਰੱਖਦਾ ਹੈ ਤੇ ਉਸ ਨੂੰ ਸਿਰਫ ਇਸ ਲਈ ਸੰਮਨ ਭੇਜੇ ਸਨ ਕਿ ਉਸ ਨੇ 14 ਮਹੀਨੇ ਦੋਸ਼ੀ ਇੰਸਪੈਕਟਰ ਇੰਦਰਜੀਤ ਸਿੰਘ ਦੇ ਕੰਮ ਦੀ ਨਿਗਰਾਨੀ ਕੀਤੀ ਸੀ। ਇਸ ਦੌਰਾਨ ਕਈ ਵਾਰ ਇੰਦਰਜੀਤ ਸਿੰਘ ਨੂੰ ਤੰਗ ਪ੍ਰੇਸ਼ਾਨ ਵੀ ਕੀਤਾ ਗਿਆ ਅਤੇ ਉਸ ਦੀ ਅਪੀਲ 'ਤੇ ਬੈਂਚ ਨੇ ਚਟੋਪਾਧਿਆਏ ਦੀ ਅਗਵਾਈ ਹੇਠ ਤਿੰਨ ਆਈ ਪੀ ਐਸ ਅਧਿਕਾਰੀਆਂ ਦੀ ਜਾਂਚ ਟੀਮ ਦਾ ਗਠਨ ਕੀਤਾ ਸੀ।

## ਸੁਪਰੀਮ ਕੋਰਟ ਦੇ ਲਈ ਚਾਰ ਨਵੇਂ ਜੱਜਾਂ ਨੂੰ ਕੇਂਦਰ ਸਰਕਾਰ ਦੀ ਪ੍ਰਵਾਨਗੀ ਮਿਲੀ



ਨਵੀਂ ਦਿੱਲੀ, 22 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਨਿਯੁਕਤ ਕਰਨ ਦੇ ਲਈ ਚਾਰ ਜੱਜਾਂ ਦੇ ਨਾਵਾਂ ਉੱਤੇ ਕੇਂਦਰ ਸਰਕਾਰ ਨੇ ਅੱਜ ਮੋਹਰ ਲਾ ਦਿੱਤੀ ਹੈ। ਇਨ੍ਹਾਂ ਵਿੱਚ ਜਸਟਿਸ ਅਨਿਰੁਧ ਬੋਸ, ਜਸਟਿਸ ਏ ਐੱਸ ਬੋਪੰਨਾ, ਜਸਟਿਸ ਬੀ ਆਰ ਗਵਈ ਤੇ ਜਸਟਿਸ ਸੂਰਿਆਕਾਂਤ ਸ਼ਾਮਲ ਦੱਸੇ ਗਏ ਹਨ। ਵਰਨਣ ਯੋਗ ਹੈ ਕਿ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਕੋਲੇਜੀਅਮ ਨੇ ਇਨ੍ਹਾਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਸੀ।

ਜਾਣਕਾਰ ਸੂਤਰਾਂ ਮੁਤਾਬਕ ਇਨ੍ਹਾਂ ਜੱਜਾਂ ਦੇ ਅਹੁਦਾ ਸੰਭਾਲ ਲੈਣ ਨਾਲ ਸੁਪਰੀਮ ਕੋਰਟ ਵਿੱਚ ਜੱਜਾਂ ਦੀ ਗਿਣਤੀ ਪੂਰੀ ਹੋ ਜਾਵੇਗੀ। ਇਸ ਵਕਤ ਚੀਫ ਜਸਟਿਸ ਨੂੰ ਮਿਲਾ ਕੇ ਸੁਪਰੀਮ ਕੋਰਟ ਵਿਚ ਕੁੱਲ 27 ਜੱਜ ਹਨ। ਇਨ੍ਹਾਂ ਚਾਰ ਜੱਜਾਂ ਦੇ ਆਉਣ ਨਾਲ ਇਹ ਗਿਣਤੀ 31 ਹੋ ਜਾਵੇਗੀ। ਕੇਂਦਰ ਸਰਕਾਰ ਨੇ ਜਸਟਿਸ ਬੋਸ ਅਤੇ ਜਸਟਿਸ ਬੋਪੰਨਾ ਦੇ ਨਾਵਾਂ ਨੂੰ ਸੀਨੀਆਰਟੀ ਅਤੇ ਖੇਤਰਤਾ ਦਾ ਹਵਾਲਾ ਦੇ ਕੇ ਸੁਪਰੀਮ ਕੋਰਟ ਦੇ ਕੋਲੇਜੀਅਮ ਨੂੰ ਮੋੜ ਦਿੱਤਾ ਸੀ, ਪਰ ਇਸ ਮਹੀਨੇ ਦੇ ਸ਼ੁਰੂ ਵਿਚ ਕੋਲੇਜੀਅਮ ਨੇ ਦੋਬਾਰਾ ਮਤਾ ਪਾਸ ਕਰਕੇ ਇਨ੍ਹਾਂ ਦੋਵਾਂ ਜੱਜਾਂ ਨੂੰ ਸੁਪਰੀਮ ਕੋਰਟ ਵਿੱਚ ਨਿਯੁਕਤ ਕਰਨ ਲਈ ਸਿਫ਼ਾਰਸ਼ ਭੇਜ ਦਿੱਤੀ ਸੀ। ਕੋਲੇਜੀਅਮ ਨੇ ਕਿਹਾ ਸੀ ਕਿ ਇਨ੍ਹਾਂ ਜੱਜਾਂ ਦੀ ਸਮਰੱਥਾ, ਕਾਰਜਕੁਸ਼ਲਤਾ ਤੇ ਨਿਰਪੱਖਤਾ ਬਾਰੇ ਕੁਝ ਵੀ ਇਤਰਾਜ਼ ਯੋਗ ਨਹੀਂ ਮਿਲਿਆ। ਜਸਟਿਸ ਬੋਸ ਦਾ ਮੂਲ ਹਾਈ ਕੋਰਟ ਕੋਲਕਾਤਾ ਹੈ, ਉਹ ਇਸ ਵਕਤ ਝਾਰਖੰਡ ਹਾਈ ਕੋਰਟ ਦੇ ਮੁੱਖ ਜੱਜ ਹਨ। ਜੱਜਾਂ ਦੀ ਦੇਸ਼ ਪੱਧਰ ਦੀ ਸੀਨੀਆਰਟੀ ਵਿੱਚ ਉਹ 36ਵੇਂ ਥਾਂ ਹਨ। ਜਸਟਿਸ ਗਵਈ ਬਾਂਬੇ ਹਾਈ ਕੋਰਟ ਦੇ ਜੱਜ ਹਨ ਅਤੇ ਜਸਟਿਸ ਸੂਰਿਆਕਾਂਤ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਮੁੱਖ ਜੱਜ ਹਨ।

## ਝਗੜੇ ਪਿੱਛੋਂ ਗ੍ਰੰਥੀ ਸਿੰਘ ਨੇ ਜ਼ਹਿਰ ਨਿਗਲ ਕੇ ਜਾਨ ਦਿੱਤੀ



ਸ੍ਰੀ ਮਾਛੀਵਾੜਾ ਸਾਹਿਬ, 22 ਮਈ (ਪੋਸਟ ਬਿਊਰੋ)- ਪਿੰਡ ਪ੍ਰਿਥੀਪੁਰ ਦੇ ਗੁਰਦੁਆਰਾ ਸਾਹਿਬ ਦੇ ਨੌਜਵਾਨ ਖਜਾਨ ਸਿੰਘ (25) ਵਾਸੀ ਮਾਛੀਆਂ ਕਲਾਂ ਨੇ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ ਹੈ। ਉਸ ਦੇ ਪਿਤਾ ਸੁਰਜੀਤ ਸਿੰਘ ਨੇ ਦੋਸ਼ ਲਾਏ ਕਿ ਉਸ ਦੇ ਪੁੱਤਰ ਨੇ ਆਪਣੀ ਪਤਨੀ ਤੇ ਸਾਂਢੂ ਨਾਲ ਕਲੇਸ਼ ਕਾਰਨ ਜਾਨ ਦਿੱਤੀ ਹੈ।

ਸੁਰਜੀਤ ਸਿੰਘ ਨੇ ਦੱਸਿਆ ਕਿ ਨੌਜਵਾਨ ਖਜਾਨ ਸਿੰਘ ਦਾ ਵਿਆਹ ਕਰੀਬ ਚਾਰ ਸਾਲ ਪਹਿਲਾ ਪਿੰਡ ਸ਼ਤਾਬਗੜ੍ਹ ਦੀ ਜਸ਼ਨਦੀਪ ਕੌਰ ਨਾਲ ਹੋਇਆ ਸੀ, ਜਿਨ੍ਹਾਂ ਦੇ ਦੋ ਛੋਟੇ-ਛੋਟੇ ਬੱਚੇ ਹਨ। ਖਜਾਨ ਸਿੰਘ ਪਤਨੀ ਅਤੇ ਬੱਚਿਆਂ ਨਾਲ ਪਿੰਡ ਪ੍ਰਿਥੀਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਰਹਿੰਦਾ ਅਤੇ ਪਾਠੀ ਵਜੋਂ ਸੇਵਾ ਕਰਦਾ ਸੀ। ਉਸ ਦਾ ਛੋਟਾ ਲੜਕਾ ਬਿਮਾਰ ਸੀ, ਜਿਸ ਦਾ ਮਾਛੀਵਾੜਾ ਪ੍ਰਾਈਵੇਟ ਹਸਪਤਾਲ ਵਿਖੇ ਇਲਾਜ ਚੱਲ ਰਿਹਾ ਸੀ। ਕੱਲ੍ਹ ਸ਼ਾਮ ਹਸਪਤਾਲ 'ਚੋਂ ਛੁੱਟੀ ਤੋਂ ਬਾਅਦ ਖਜਾਨ ਸਿੰਘ ਪਤਨੀ ਅਤੇ ਬੱਚਿਆਂ ਨੂੰ ਲੈ ਕੇ ਪਿੰਡ ਸ਼ਤਾਬਗੜ੍ਹ ਚਲਾ ਗਿਆ। ਸੁਰਜੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਸ ਦੀ ਨੂੰਹ ਦਾ ਫੋਨ ਆਇਆ ਕਿ ਉਸ ਦਾ ਆਪਣੇ ਪਤੀ ਨਾਲ ਝਗੜਾ ਹੋ ਰਿਹਾ ਹੈ ਅਤੇ ਉਹ ਜਲਦੀ ਆ ਜਾਣ। ਕੁਝ ਸਮੇਂ ਪਿੱਛੋਂ ਉਨ੍ਹਾਂ ਨੂੰ ਫੋਨ ਆਇਆ ਕਿ ਉਨ੍ਹਾਂ ਦਾ ਲੜਕਾ ਖਜਾਨ ਸਿੰਘ ਪਿੰਡ ਅਢਿਆਣਾ ਦੇ ਬੱਸ ਅੱਡੇ ਦੇ ਕੋਲ ਬੇਸੁੱਧ ਪਿਆ ਹੈ, ਜਿਸ ਨੇ ਕੋਈ ਜ਼ਹਿਰੀਲੀ ਵਸਤੂ ਖਾ ਲਈ ਹੈ। ਜਦੋਂ ਉਸ ਨੂੰ ਮਾਛੀਵਾੜਾ ਹਸਪਤਾਲ ਲਿਆਂਦਾ ਗਿਆ ਤਾਂ ਉਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਸੁਰਜੀਤ ਸਿੰਘ ਨੇ ਦੋਸ਼ ਲਾਇਆ ਕਿ ਉਸ ਦੇ ਪੁੱਤਰ ਨੇ ਆਪਣੀ ਪਤਨੀ ਤੇ ਸਾਂਢੂ ਤੋਂ ਦੁਖੀ ਹੋ ਕੇ ਖੁਦਕੁਸ਼ੀ ਕੀਤੀ ਹੈ। ਦੂਜੇ ਪਾਸੇ ਮ੍ਰਿਤਕ ਦੇ ਪਤਨੀ ਦੇ ਪੇਕੇ ਪਰਵਾਰ ਦਾ ਕਹਿਣਾ ਹੈ ਕਿ ਉਸ ਦੀ ਖੁਦਕੁਸ਼ੀ ਵਿੱਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਅਤੇ ਦੋਸ਼ ਝੂਠੇ ਹਨ, ਜਿਸ ਲਈ ਪੁਲਸ ਇਸ ਦੀ ਬਰੀਕੀ ਨਾਲ ਜਾਂਚ ਕਰੇ। ਘਟਨਾ ਦੀ ਸੂਚਨਾ ਮਿਲਦੇ ਸਾਰ ਥਾਣਾ ਮੁਖੀ ਇੰਸਪੈਕਟਰ ਰਮਨਇੰਦਰਜੀਤ ਸਿੰਘ ਮੌਕੇ 'ਤੇ ਪੁੱਜੇ ਅਤੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਜਾਂਚ ਉਪਰੰਤ ਕਾਨੂੰਨੀ ਕਾਰਵਾਈ ਹੋਵੇਗੀ।

## ਬ੍ਰਿਟੇਨ ਵਿੱਚ ਟਰੰਪ ਦੇ ਵਿਰੋਧ ਲਈ ਓਸੇ ਵਾਂਗ ਬੋਲਦਾ ਰੋਬੋਟ ਵੀ ਬਣਾ ਦਿੱਤਾ ਗਿਆ

ਲੰਡਨ, 22 ਮਈ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਗਲੇ ਮਹੀਨੇ ਬ੍ਰਿਟੇਨ ਜਾਣ ਵਾਲੇ ਹਨ। ਉਨ੍ਹਾਂ ਦੇ ਖਿਲਾਫ ਪ੍ਰਦਰਸ਼ਨ ਬਾਰੇ ਵਿਰੋਧੀਆਂ ਨੇ ਵੀ ਤਿਆਰੀ ਕਰ ਲਈ ਹੈ। ਇਸ ਵਾਰ ਟਰੰਪ ਦਾ 16 ਫੁੱਟ ਦਾ ਬੋਲਣ ਵਾਲਾ ਰੋਬੋਟ ਬਣਵਾ ਕੇ ਟਰੰਪ ਨੂੰ ਗੋਲਡਨ ਟਾਇਲਟ ਵਿੱਚ ਬੈਠਾ ਦਿਖਾਇਆ ਗਿਆ ਹੈ।

ਪਤਾ ਲੱਗਾ ਹੈ ਕਿ ਟਰੰਪ ਦੇ ਰੋਬੋਟ ਨੂੰ ਬਣਵਾਉਣ ਲਈ ਇੱਕ ਅਮਰੀਕੀ ਵਿਅਕਤੀ ਡਾਨ ਲੀਸਮ ਨੇ 25 ਹਜ਼ਾਰ ਡਾਲਰ ਦਿੱਤੇ ਹਨ। ਇਹ ਰੋਬੋਟ ਟਰੰਪ ਵੱਲੋਂ ਅਕਸਰ ਬੋਲੇ ਜਾਂਦੇ ਸ਼ਬਦਾਂ ਨੂੰ ਦੋਹਰਾਏਗਾ। ਟਰੰਪ ਤਿੰਨ ਤੋਂ ਪੰਜ ਜੂਨ ਤੱਕ ਬ੍ਰਿਟੇਨ ਦੌਰੇ 'ਤੇ ਰਹਿਣਗੇ। ਉਥੇ ਉਹ ਪ੍ਰਧਾਨ ਮੰਤਰੀ ਥੈਰੇਸਾ ਮੇਅ ਨਾਲ ਵੀ ਮੁਲਾਕਾਤ ਕਰਨਗੇ। ਰੋਬੋਟ ਬਣਵਾਉਣ ਵਾਲੇ ਲੀਸਮ ਪੈਨਸਿਲਵੇਨੀਆ ਵਿੱਚ ਰਹਿੰਦੇ ਹਨ ਅਤੇ ਚੀਨ ਦੀ ਇੱਕ ਫੈਕਟਰੀ ਵਿੱਚ ਕੰਮ ਕਰਦੇ ਹਨ। ਇਹ ਕੰਪਨੀ ਜੂਅ ਤੇ ਮਿਊਜ਼ੀਅਮ ਵਿੱਚ ਰੱਖਣ ਲਈ ਡਾਇਨਾਸੋਰ ਦੇ ਮਾਡਲ ਬਣਾਉਂਦੀ ਹੈ। ਲੀਸਮ ਦੇ ਮੁਤਾਬਕ ਟਰੰਪ ਦੇ ਵਿਰੋਧ ਲਈ ਮੈਂ ਮਜ਼ਾਕੀਆ ਅੰਦਾਜ਼ ਵਿੱਚ ਇਹ ਪੁਤਲਾ ਬਣਵਾਇਆ ਹੈ। ਅਸੀਂ ਸੋਚਿਆ ਕਿ ਜੇ 60 ਫੁੱਟ ਦਾ ਡਾਇਨ-ਾਸੋਰ ਬਣਾਇਆ ਜਾ ਸਕਦਾ ਹੈ ਤਾਂ 16 ਫੁੱਟਾ ਟਰੰਪ ਦਾ ਰੋਬੋਟ ਟਾਇਲਟ ਸੀਟ 'ਤੇ ਬੈਠਾ ਦਿਖਾਇਆ ਜਾ ਸਕਦਾ ਹੈ। ਉਸ ਦੇ ਮੁਤਾਬਕ ਅਸੀਂ ਰੋਬੋਟ ਬਣਾਇਆ ਤਾਂ ਮੇਰੇ ਸਾਥੀਆਂ ਨੇ ਕਿਹਾ ਕਿ ਕਿਤੇ ਸਾਨੂੰ ਜੇਲ੍ਹ ਨਾ ਹੋ ਜਾਏ। ਮੌਤ ਦੀ ਸਜ਼ਾ ਨਾ ਹੋ ਜਾਏ। ਮੈਂ ਦੱਸਿਆ ਕਿ ਇਹ ਉਨ੍ਹਾਂ ਕੁਝ ਚੀਜ਼ਾਂ ਵਿੱਚੋਂ ਇੱਕ ਹੈ, ਜੋ ਅਸੀਂ ਅਮਰੀਕਾ ਵਿੱਚ ਕਰ ਸਕਦੇ ਹਾਂ।

AL EMPLOYMENT SERVICES INC

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!

- General Labour
- AZ-DZ Drivers
- Machine Operators
- Machine Mechanic
- Millwright's
- Shift Supervisor
- Forklift Driver
- Office Admin

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ ਫ੍ਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1 mnth

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਲੋਆ

# ਕੈਨੇਡਾ ਜਾਣ ਤੋਂ ਅਸਫਲ ਰਹੇ ਨੌਜਵਾਨ ਨੇ ਜ਼ਹਿਰ ਨਿਗਲਿਆ

ਮੋਗਾ, 22 ਮਈ (ਪੋਸਟ ਬਿਊਰੋ)- ਇਥੇ ਥਾਣਾ ਬੱਧਨੀ ਕਲਾਂ ਦੇ ਪਿੰਡ ਬੁਰਜ ਦੁੱਨਾ 'ਚ ਨੌਜਵਾਨ ਨੇ ਕੈਨੇਡਾ ਜਾਣ ਦੀ ਇੱਛਾ ਪੂਰੀ ਨਾ ਹੋਣ 'ਤੇ ਜ਼ਹਿਰ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ। ਪੁਲਸ ਨੇ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ ਹੇਠ ਮ੍ਰਿਤਕ ਦੀ ਮੰਗੇਤਰ ਅਤੇ ਉਸ ਦੇ ਮਾਪਿਆਂ ਉੱਤੇ ਕੇਸ ਦਰਜ ਕੀਤਾ ਹੈ।

ਥਾਣਾ ਬੱਧਨੀ ਕਲਾਂ ਮੁਖੀ ਇੰਸਪੈਕਟਰ ਵੇਦ ਪ੍ਰਕਾਸ਼ ਨੇ ਦੱਸਿਆ ਕਿ ਮ੍ਰਿਤਕ ਲੜਕੇ ਦੇ ਪਿਤਾ ਮੱਖਣ ਸਿੰਘ ਦੇ ਬਿਆਨ ਉੱਤੇ ਮ੍ਰਿਤਕ ਨੌਜਵਾਨ ਗੁਰਪ੍ਰੀਤ ਸਿੰਘ ਦੀ ਕੈਨੇਡਾ ਰਹਿੰਦੀ ਮੰਗੇਤਰ ਜਸਪ੍ਰੀਤ ਕੌਰ, ਉਸ ਦੇ ਪਿਤਾ ਗੁਰਮੀਤ ਸਿੰਘ ਤੇ ਮਾਂ ਬਲਜੀਤ ਕੌਰ ਵਾਸੀ ਬੱਧਨੀ ਕਲਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਪੁਲਸ ਮੁਤਾਬਕ ਮ੍ਰਿਤਕ ਨੌਜਵਾਨ ਗੁਰਪ੍ਰੀਤ ਸਿੰਘ (18) ਕੈਨੇਡਾ ਜਾਣਾ ਚਾਹੁੰਦਾ ਸੀ। ਉਸ ਦੇ ਪਰਵਾਰ ਨੇ ਇਹ ਖਾਹਿਸ਼ ਪੂਰੀ ਕਰਨ ਲਈ ਬੱਧਨੀ ਕਲਾਂ 'ਚ ਆਈਲੈਟਸ ਕੋਰਸ ਪਾਸ ਲੜਕੀ ਜਸਪ੍ਰੀਤ ਕੌਰ ਨਾਲ ਮੰਗਣੀ ਕਰ ਦਿੱਤੀ ਅਤੇ ਪੀ ਆਰ ਹੋਣ ਤੋਂ ਬਾਅਦ ਵਿਆਹ ਕੀਤਾ ਜਾਣਾ ਸੀ। ਮੱਖਣ ਸਿੰਘ ਨੇ ਦੋਸ਼ ਲਾਇਆ ਕਿ ਉਨ੍ਹਾਂ ਜਸਪ੍ਰੀਤ ਕੌਰ ਨੂੰ ਕੈਨੇਡਾ ਭੇਜਣ ਲਈ 20 ਲੱਖ ਰੁਪਏ ਖਰਚ ਕੀਤੇ ਸਨ, ਪਰ ਦੋ ਮਹੀਨਿਆਂ ਤੋਂ ਜਸਪ੍ਰੀਤ ਕੌਰ ਦਾ ਕੈਨੇਡਾ ਤੋਂ ਫੋਨ ਆਉਣਾ ਬੰਦ ਹੋ ਗਿਆ। ਉਨ੍ਹਾਂ ਕਿਹਾ ਕਿ ਕੁੜੀ ਵਾਲਿਆਂ ਨੇ ਸਾਫ ਕਹਿ ਦਿੱਤਾ ਕਿ ਉਨ੍ਹਾਂ ਨੇ ਝੂਠੀ ਮੰਗਣੀ ਕੀਤੀ ਸੀ, ਇਸ ਲਈ ਉਹ ਗੁਰਪ੍ਰੀਤ ਨੂੰ ਕੈਨੇਡਾ ਨਹੀਂ ਸੱਦੇਗੀ। ਸੁਣ ਕੇ ਗੁਰਪ੍ਰੀਤ ਸਿੰਘ ਨੇ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ। ਉਸ ਨੂੰ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿਥੇ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ ਹੈ।


Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


## ਪੈੱਨ ਵਿੱਚ 525 ਗਰਾਮ ਸੋਨਾ ਲੁਕਾ ਕੇ ਲਿਆਂਦਾ, ਕਸਟਮ ਨੇ ਫੜ੍ਹਿਆ

ਅੰਮ੍ਰਿਤਸਰ, 22 ਮਈ (ਪੋਸਟ ਬਿਊਰੋ)- ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਏਅਰਪੋਰਟ ਉੱਤੇ ਕਸਟਮ ਵਿਭਾਗ ਦੀ ਟੀਮ ਨੇ ਦੁਬਈ ਤੋਂ ਅੰਮ੍ਰਿਤਸਰ ਆਈ ਫਲਾਈਟ ਵਿੱਚ ਸਵਾਰ ਦੋ ਸਕੇ ਭਰਾਵਾਂ ਤੋਂ 525 ਗਰਾਮ ਸੋਨਾ ਬਰਾਮਦ ਕੀਤਾ ਹੈ, ਜਿਸ ਦੀ ਕੀਮਤ 15 ਲੱਖ ਰੁਪਏ ਦੇ ਲਗਭਗ ਦੱਸੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਦੋਵੇਂ ਭਰਾ ਅੰਮ੍ਰਿਤਸਰ ਦੇ ਵਸਨੀਕ ਹਨ ਅਤੇ ਇੱਕ ਪੈੱਨ 'ਚ ਸੋਨੇ ਨੂੰ ਲੁਕਾ ਕੇ ਲਿਆ ਰਹੇ ਸਨ। ਵਿਭਾਗ ਦੀ ਟੀਮ ਨੇ ਪੈੱਨ ਦੇ ਨਾਲ ਸੋਨੇ ਦਾ ਇੱਕ ਕੜਾ ਵੀ ਫੜਿਆ ਹੈ। ਜਿਵੇਂ ਪੈੱਨ ਵਿੱਚ ਸੋਨਾ ਲੁਕਾਇਆ ਗਿਆ ਸੀ, ਉਹ ਵਿਭਾਗ ਨੂੰ ਸੋਨੇ ਦੀ ਸਮੱਗਲਿੰਗ ਵੱਲ ਇਸ਼ਾਰਾ ਕਰਦਾ ਹੈ ਕਿਉਂਕਿ ਆਮ ਤੌਰ 'ਤੇ ਸੋਨੇ ਦੀ ਸਮੱਗਲਿੰਗ ਕਰਨ ਵਾਲੇ ਸਮੱਗਲਰ ਹੀ ਇਸ ਤਰ੍ਹਾਂ ਲੁਕਾ ਕੇ ਲਿਆਉਂਦੇ ਹਨ, ਕੋਈ ਆਮ ਯਾਤਰੀ ਹੁੰਦਾ ਤਾਂ ਉਹ ਗਲਤੀ ਨਾਲ ਕੜਾ, ਮੁੰਦਰੀ, ਹਾਰ ਆਦਿ ਦੇ ਰੂਪ ਵਿੱਚ ਗਹਿਣਾ ਲੈ ਆਉਂਦਾ ਹੈ। ਇਸ ਮਾਮਲੇ ਵਿੱਚ ਕਸਟਮ ਵਿਭਾਗ ਸਮੱਗਲਿੰਗ ਦੇ ਪਹਿਲੂ ਤੋਂ ਵੀ ਜਾਂਚ ਕਰ ਰਿਹਾ ਹੈ। ਇਸ ਏਅਰਪੋਰਟ 'ਤੇ ਪੈੱਨ ਵਿੱਚ ਸੋਨਾ ਲੁਕਾ ਕੇ ਲਿਆਉਣ ਦਾ ਆਪਣੀ ਤਰ੍ਹਾਂ ਦਾ ਇਹ ਨਵਾਂ ਕੇਸ ਹੈ। ਇਸ ਤੋਂ ਪਹਿਲਾਂ ਰਸ਼ੀਅਨ ਔਰਤ ਨੇ ਸੈਨੇਟਰੀ ਪੈਡ ਵਿੱਚ ਅਤੇ ਇੱਕ ਹੋਰ ਔਰਤ ਆਪਣੀ ਬ੍ਰਾਅ ਵਿੱਚ ਅੱਧਾ-ਕਿਲੋ ਸੋਨਾ ਲਿਆਉਂਦੀ ਹੋਈ ਇਸ ਏਅਰਪੋਰਟ ਉੱਤੇ ਫੜੀ ਗਈ ਸੀ।

## ਮਾਨਸਾ ਦੇ ਰਮਨਵੀਰ ਨੇ ਮਾਊਂਟ ਐਵਰੈਸਟ ਉੱਤੇ ਤਿਰੰਗਾ ਜਾ ਗੱਡਿਆ

ਸਰਦੂਲਗੜ੍ਹ, 22 ਮਈ (ਪੋਸਟ ਬਿਊਰੋ)- ਬਲੈਕ ਕੈਟ ਕਮਾਂਡੋ ਰਮਨਵੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਜਟਾਣਾ ਕਲਾਂ ਜ਼ਿਲ੍ਹਾ ਮਾਨਸਾ ਨੇ 16 ਮਈ ਨੂੰ ਸਵੇਰੇ ਸੱਤ ਵਜੇ ਸੰਸਾਰ ਦੀ ਸਭ ਤੋਂ ਉਚੀ ਚੋਟੀ ਮਾਊਂਟ ਐਵਰੈਸਟ ਉੱਤੇ ਝੰਡਾ ਜਾ ਗੱਡਿਆ। ਉਹ ਐੱਨ ਐੱਸ ਜੀ ਦੀ ਬਲੈਕ ਕੈਟ ਐਵਰੈਸਟ ਐਕਸਪੀਡੀਸ਼ਨ ਦੀ ਟੀਮ ਦੇ ਮੈਂਬਰ ਹਨ। ਐੱਨ ਐੱਸ ਜੀ (ਨੈਸ਼ਨਲ ਸਕਿਓਰਟੀ ਗਾਰਡਜ਼) ਦੀ ਟੀਮ ਨੂੰ ਹੋਮ ਸੈਕਟਰੀ ਰਾਜੀਵ ਗਾਬਾ ਨੇ ਤਿਰੰਗਾ ਦੇ ਕੇ ਖੁਦ ਰਵਾਨਾ ਕੀਤਾ ਸੀ ਅਤੇ ਇਹ ਟੀਮ ਲੈਫਟੀਨੈਂਟ ਕਰਨਲ ਜੈ ਪ੍ਰਕਾਸ਼ ਕੁਮਾਰ ਦੀ ਅਗਵਾਈ ਹੇਠ ਦਿੱਲੀ ਤੋਂ ਨੇਪਾਲ ਲਈ ਰਵਾਨਾ ਹੋਈ ਸੀ। ਜਟਾਣਾ ਕਲਾਂ ਦੇ ਰਮਨਵੀਰ ਸਿੰਘ ਸਮੇਤ ਸੱਤ ਹੋਰ ਮੈਂਬਰਾਂ ਦੀ ਪਹਿਲੀ ਟੀਮ ਨੇ ਐਵਰੈਸਟ ਦੀ ਸਿਖਰ 'ਤੇ ਤਿਰੰਗਾ ਝੰਡਾ ਲਹਿਰਾਇਆ ਹੈ।

# ਮੱਧ ਪ੍ਰਦੇਸ਼ ਸਰਕਾਰ ਸਾਧਵੀ ਪ੍ਰਗਿਆ ਦੀ ਕੇਸ ਫਾਈਲ ਮੁੜ ਕੇ ਖੋਲ੍ਹੇਗੀ



ਭੋਪਾਲ, 22 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਆਰ ਐਸ ਐਸ ਦੇ ਸਾਬਕਾ ਪ੍ਰਚਾਰਕ ਸੁਨੀਲ ਜੋਸ਼ੀ ਦੇ ਕਤਲ ਦੇ ਕੇਸ ਨੂੰ ਮੁੜ ਖੋਲ੍ਹਣ ਵਾਲੀ ਹੈ। ਇਸ ਮਾਮਲੇ 'ਚ ਭੋਪਾਲ ਲੋਕ ਸਭਾ ਹਲਕੇ ਤੋਂ ਭਾਜਪਾ ਦੀ ਉਮੀਦਵਾਰ ਸਾਧਵੀ ਪ੍ਰੱਗਿਆ ਸਿੰਘ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ।

ਇਸ ਸੰਬੰਧ ਵਿੱਚ ਇਸ ਰਾਜ ਦੇ ਕਾਨੂੰਨ ਮੰਤਰੀ ਪੀ ਸੀ ਸ਼ਰਮਾ ਨੇ ਕਿਹਾ ਕਿ ਕੁਲੈਕਟਰ ਜ਼ਿਲਾ ਦੇਵਾਸ ਨੂੰ ਇਸ ਕੇਸ ਵਿੱਚ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਅਸੀਂ ਉਸ ਰਿਪੋਰਟ 'ਤੇ ਕਾਨੂੰਨੀ ਰਾਏ ਲੈਣ ਪਿੱਛੋਂ ਉਪਰਲੀ ਅਦਾਲਤ 'ਚ ਜਾਣ ਦਾ ਫੈਸਲਾ ਕਰਾਂਗੇ। ਸੁਨੀਲ ਜੋਸ਼ੀ ਹੱਤਿਆ ਕਾਂਡ 'ਚ ਦੇਵਾਸ ਦੀ ਇਕ ਅਦਾਲਤ ਨੇ ਇਕ ਫਰਵਰੀ 2017 ਨੂੰ ਸਾਧਵੀ ਪ੍ਰੱਗਿਆ ਅਤੇ ਸੱਤ ਹੋਰ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ। ਜੋਸ਼ੀ ਦੀ 29 ਦਸੰਬਰ 2007 ਨੂੰ ਦੇਵਾਸ ਸ਼ਹਿਰ ਦੇ ਉਦਯੋਗਿਕ ਖੇਤਰ ਪੁਲਸ ਸਟੇਸ਼ਨ ਦੇ ਇਲਾਕੇ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੀ ਸੀ ਸ਼ਰਮਾ ਨੇ ਕਿਹਾ ਕਿ ਜ਼ਿਲਾ ਕੁਲੈਕਟਰ ਨੇ ਕੇਸ ਨੂੰ ਕਾਨੂੰਨੀ ਰਾਏ ਲਈ ਕਾਨੂੰਨ ਵਿਭਾਗ ਕੋਲ ਭੇਜਣ ਦੇ ਬਜਾਏ ਖੁਦ ਬੰਦ ਕਰਨ ਦਾ ਫੈਸਲਾ ਕੀਤਾ ਸੀ। ਭਾਜਪਾ ਨੇ ਸ਼ਰਮਾ ਦੇ ਬਿਆਨ ਨੂੰ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਹੈ।

# ਝੌਂਪੜੀ ਵਿੱਚ ਅੱਗ ਲੱਗਣ ਨਾਲ ਦੋ ਬੱਚੀਆਂ ਦੀ ਮੌਤ



ਕਾਠਗੜ੍ਹ, 22 ਮਈ (ਪੋਸਟ ਬਿਊਰੋ)- ਰੋਪੜ-ਬਲਾਚੌਰ ਸਟੇਟ ਹਾਈਵੇ ਦੇ ਪਿੰਡ ਜੀਊਵਾਲ ਬੱਛੂਆ ਦੇ ਸ਼ਮਸ਼ਾਨਘਾਟ ਨੇੜੇ ਝੁੱਗੀਆਂ ਵਿੱਚ ਕੱਲ੍ਹ ਰਾਤ ਅੱਗ ਲੱਗਣ ਨਾਲ ਦੋ ਬੱਚੀਆਂ ਦੀ ਮੌਤ ਹੋ ਗਈ ਅਤੇ ਇਕ ਵਿਅਕਤੀ ਝੁਲਸ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

ਪ੍ਰਵਾਸੀ ਮਜ਼ਦੂਰ ਉਮੇਸ਼ ਕੁਮਾਰ ਨੇ ਦੱਸਿਆ ਕਿ ਉਹ ਪਤਨੀ ਤੇ ਤਿੰਨ ਬੱਚਿਆਂ ਸਮੇਤ ਝੁੱਗੀ 'ਚ ਸੁੱਤਾ ਪਿਆ ਸੀ ਕਿ ਅਚਾਨਕ ਦੀਵੇ ਨਾਲ ਅੱਗ ਲੱਗ ਗਈ। ਜਦ ਉਨ੍ਹਾਂ ਨੂੰ ਪਤਾ ਲੱਗਾ, ਅੱਗ ਪੂਰੀ ਤਰ੍ਹਾਂ ਫੈਲ ਚੁੱਕੀ ਸੀ। ਅੱਗ 'ਚ ਉਸ ਦੀਆਂ ਦੋ ਬੱਚੀਆਂ ਜੋਤੀ (10) ਅਤੇ ਭੂਰੀ (8) ਬੁਰੀ ਤਰ੍ਹਾਂ ਝੁਲਸ ਗਈਆਂ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਮੌਕੇ 'ਤੇ ਜੁੜੇ ਲੋਕਾਂ ਨੇ ਉਸ ਨੂੰ, ਉਸ ਦੀ ਪਤਨੀ ਅਤੇ ਡੇਢ ਸਾਲਾ ਬੱਚੇ ਨੂੰ ਅੱਗ 'ਚੋਂ ਕੱਢਿਆ। ਇਸ ਦੌਰਾਨ ਝੁੱਗੀ ਨੇੜੇ ਰਹਿਣ ਵਾਲਾ ਇਕ ਹੋਰ ਵਿਅਕਤੀ ਰਜੇਸ਼ ਕੁਮਾਰ ਅੱਗ ਦੀ ਲਪੇਟ ਵਿੱਚ ਆ ਕੇ ਬੁਰੀ ਤਰ੍ਹਾਂ ਝੁਲਸ ਗਿਆ, ਜਿਸ ਨੂੰ ਬਲਾਚੌਰ ਦੇ ਸਰਕਾਰੀ ਹਸਪਤਾਲ ਭੇਜ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਇਹ ਇਕ ਸਾਲ ਤੋਂ ਚੌਧਰੀ ਸੰਦੀਪ ਕੁਮਾਰ ਸੋਬੂਵਾਲ ਦੇ ਟਿਊਬਵੈੱਲ ਉਤੇ ਰਹਿ ਕੇ ਉਸ ਕੋਲ ਮਜ਼ਦੂਰੀ ਕਰਦੇ ਹਨ। ਹਾਦਸੇ ਬਾਰੇ ਜਾਣਕਾਰੀ ਮਿਲਣ 'ਤੇ ਥਾਣਾ ਕਾਠਗੜ੍ਹ ਦੇ ਮੁਖੀ ਜਸਪਾਲ ਸਿੰਘ ਧਾਲੀਵਾਲ ਘਟਨਾ ਵਾਲੀ ਥਾਂ ਪੁੱਜੇ ਅਤੇ ਐਸ ਪੀ ਹੈਡ ਕੁਆਰਟਰ ਵਜੀਰ ਸਿੰਘ ਖਹਿਰਾ ਅਤੇ ਨਾਇਬ ਤਹਿਸੀਲਦਾਰ ਸੁਰਿੰਦਰ ਪਾਲ ਸਿੰਘ ਨੇ ਵੀ ਮੌਕੇ ਦਾ ਜਾਇਜ਼ਾ ਲਿਆ।


ਮੂੰਹੋ ਬੋਲਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0



Call for Free Estimates
A-1 RENOVATION GTA INC
$1,000 Off
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6



GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner



V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
For Owner Operator upto $1.62/mile
USA Driver $0.60/mile | Canada wide $0.50/mile
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

☆ Disability Insurance
☆ Travel Insurance
☆ Medical Benefits
☆ Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com





MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ:
416 839 0647, 905-598-4640



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com



KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਵਿਦਿਆਰਥਣ ਨਾਲ ਕੁੱਟਮਾਰ ਕਰਨ ਦੇ ਮਾਮਲੇ ਵਿਚ ਡਿਪਟੀ ਕਮਿਸ਼ਨਰ ਨੇ ਕੀਤੀ ਸਖ਼ਤ ਕਾਰਵਾਈ



ਫਿਰੋਜ਼ਪੁਰ, 22 ਮਈ (ਗਿਆਨ ਸਿੰਘ): ਛੇਵੀਂ ਕਲਾਸ ਦੀ ਵਿਦਿਆਰਥਣ ਨਾਲ ਕੁੱਟਮਾਰ ਕਰਨ ਅਤੇ ਉਸ ਦੇ ਹੱਥ ਉੱਪਰ ਕਰ ਕੇ ਧੁੱਪ ਵਿਚ ਖੜ੍ਹਾ ਕਰਨ ਦੇ ਮਾਮਲੇ ਵਿਚ ਸਖ਼ਤ ਕਾਰਵਾਈ ਕਰਦੇ ਹੋਏ ਡਿਪਟੀ ਕਮਿਸ਼ਨਰ ਸ਼੍ਰੀ ਚੰਦਰ ਗੈਂਦ ਨੇ ਪਿੰਡ ਤੂਤ ਦੇ ਸ਼ਹੀਦ ਹਿੰਮਤ ਸਿੰਘ ਪਬਲਿਕ ਸਕੂਲ ਦੀ ਮਾਨਤਾ ਰੱਦ ਕਰਨ ਦੇ ਆਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੂੰ ਪੂਰੇ ਮਾਮਲੇ ਦੀ ਜਾਣਕਾਰੀ ਸੋਸ਼ਲ ਮੀਡੀਆ ਰਾਹੀਂ ਪ੍ਰਾਪਤ ਹੋਈ, ਜਿਸ ਦੇ ਬਾਅਦ ਉਨ੍ਹਾਂ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੇਕ ਸਿੰਘ ਨੂੰ ਮਾਮਲੇ ਦੀ ਜਾਂਚ ਲਈ ਕਿਹਾ। ਜਾਂਚ ਦੇ ਦਰਮਿਆਨ ਸਕੂਲ ਮੈਨੇਜਮੈਂਟ ਤੇ ਲੱਗੇ ਆਰੋਪ ਕਾਫ਼ੀ ਹੱਦ ਤੱਕ ਸਹੀ ਨਿਕਲੇ, ਇਸ ਤੋਂ ਬਾਅਦ ਪੀੜਤ ਵਿਦਿਆਰਥਣ ਖ਼ੁਦ ਡਿਪਟੀ ਕਮਿਸ਼ਨਰ ਕੋਲ ਪੇਸ਼ ਹੋਈ।

11 ਸਾਲ ਦੀ ਵਿਦਿਆਰਥਣ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਸ ਨਾਲ ਪਹਿਲਾਂ ਸਕੂਲ ਕੁਆਰਡੀਨੇਟਰ ਜੋ ਕਿ ਸਕੂਲ ਮਾਲਕ ਦੀ ਨੂੰਹ ਹੈ ਨੇ ਕੁੱਟਮਾਰ ਕੀਤੀ ਅਤੇ ਫਿਰ ਤਿੰਨ ਪੀਰਡ ਤੱਕ ਉਸ ਨੂੰ ਕੜਕਦੀ ਧੁੱਪ ਵਿਚ ਹੱਥ ਉੱਪਰ ਕਰਕੇ ਬਾਹਰ ਖੜ੍ਹਾ ਕਰ ਦਿੱਤਾ। ਇਸ ਤੋਂ ਬਾਅਦ ਲੜਕੀ ਦੇ ਪਰਿਵਾਰ ਵਾਲਿਆਂ ਨੇ ਲੜਕੀ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ। ਡੀ.ਸੀ ਨੇ ਸਕੂਲ ਮੈਨੇਜਮੈਂਟ ਨੂੰ ਆਪਣਾ ਪੱਖ ਰੱਖਣ ਲਈ ਬੁਲਾਇਆ ਅਤੇ ਦੋਹਾਂ ਧੀਰਾਂ ਦੀ ਗੱਲ ਸੁਣਨ ਤੋਂ ਬਾਅਦ ਇਸ ਨਤੀਜੇ ਤੇ ਪਹੁੰਚੇ ਕਿ ਸਕੂਲ ਮੈਨੇਜਮੈਂਟ ਨੇ ਵਿਦਿਆਰਥਣ ਨਾਲ ਨਾ ਇੰਨਸਾਫੀ ਕੀਤੀ ਹੈ।ਇਸ ਤੋਂ ਬਾਅਦ ਉਨ੍ਹਾਂ ਨੇ ਡੀ.ਈ.ਓ ਸੈਕੰਡਰੀ ਨੂੰ ਸਕੂਲ ਦੀ ਮਾਨਤਾ ਰੱਦ ਕਰਨ ਕਿਹਾ। ਡੀ.ਈ.ਓ ਸੈਕੰਡਰੀ ਨੇ ਡੀ.ਈ.ਓ ਐਲੀਮੈਂਟਰੀ ਨੂੰ ਸਕੂਲ ਦੀ ਮਾਨਤਾ ਰੱਦ ਕਰਨ ਅਤੇ ਹੈੱਡਕੁਆਟਰ ਨੂੰ ਪੂਰੇ ਮਾਮਲੇ ਦੀ ਰਿਪੋਰਟ ਭੇਜਣ ਲਈ ਕਿਹਾ। ਡਿਪਟੀ ਕਮਿਸ਼ਨਰ ਸ਼੍ਰੀ ਚੰਦਰ ਗੈਂਦ ਨੇ ਕਿਹਾ ਕਿ ਵਿਦਿਆਰਥੀਆਂ ਨਾਲ ਇਸ ਤਰ੍ਹਾਂ ਦਾ ਦੁਰਵਿਵਹਾਰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।












AN INVITATION TO TOUR THE
*Expanded Etobicoke General Hospital*

Please join us for a 'sneak peek' of Etobicoke General Hospital's new patient tower, scheduled to open in June 2019.


Tour the new space and talk to Osler staff about the hospital's expanded programs and services!

The final tour opportunity is this weekend:

**Sunday, May 26 10:00 a.m. – 2:00 p.m.**

*Enter through the new Main Entrance (see map below).*

*We look forward to seeing you there.*




*Etobicoke General is located at:*
101 Humber College Boulevard, Etobicoke

ARRIVING BY CAR:
Humber College Boulevard is just off Highway 27, north of Rexdale Boulevard, south of Finch.
*Parking is free for this event.*

ARRIVING BY PUBLIC TRANSIT:
*Toronto Transit Commission (TTC) buses:*
36B/36D Finch West, 191 Highway 27 Rocket (from Kipling Station), 96 A, B or D Wilson (from York Mills Station).
*For more information visit TTC's website or call (416) 393-4000.*

*Mississauga Transit buses:*
22 Finch; Brampton Transit 11 Steeles, 50 Gore Rd.
*For more information, visit Mississauga Transit's website.*

For more information, visit
www.williamoslerhs.ca

William Osler Health System
*Going Beyond*

*Note: Several water stations will be available. Please bring your own water bottle.*


# ਯਾਦਗਾਰੀ ਹੋ ਨਿੱਬੜਿਆ ਸੱਤਵਾਂ ਸਾਲਾਨਾ ਇਨਸਪੀਰੇਸ਼ਨਲ ਸਟੈੱਪਸ ਈਵੈਂਟ











ਸਕਾਰਬੌਰੋ, 22 ਮਈ (ਪੋਸਟ ਬਿਊਰੋ) : ਬੀਤੇ ਦਿਨੀਂ ਇੱਥੇ ਸੱਤਵਾਂ ਸਾਲਾਨਾ ਇਨਸਪੀਰੇਸ਼ਨਲ ਸਟੈੱਪਸ ਈਵੈਂਟ ਜਿਸ ਵਿੱਚ ਰਨਰਜ਼/ਵਾਕਰਜ਼ ਸ਼ਾਮਲ ਸਨ, ਕਰਵਾਇਆ ਗਿਆ।

ਮੈਰਾਥਨ ਵਿੱਚ ਹਿੱਸਾ ਲੈਣ ਵਾਲਿਆਂ ਨੇ ਸਕਾਰਬੌਰੋ ਦੇ ਗੁਰਸਿੱਖ ਸਭਾ ਕੈਨੇਡਾ ਤੋਂ ਸ਼ੁਰੂਆਤ ਕੀਤੀ। ਇਸ ਮੈਰਾਥਨ ਵਿੱਚ ਪਹਿਲੀ ਵਾਰੀ ਹਿੱਸਾ ਲੈਣ ਵਾਲਿਆਂ ਨੇ ਸਵੇਰੇ 4:30 ਵਜੇ ਸ਼ੁਰੂਆਤ ਕੀਤੀ ਤੇ ਬਾਕੀ ਰਨਰਜ਼/ਜਾਗਰਜ਼ ਨੇ 6:00 ਵਜੇ ਸ਼ੁਰੂਆਤ ਕੀਤੀ। ਹਾਫ ਮੈਰਾਥਨ ਵਿੱਚ ਹਿੱਸਾ ਲੈਣ ਵਾਲਿਆਂ ਨੇ ਸਵੇਰੇ 7:50 ਉੱਤੇ ਰਿਵਾਲਡਾ ਰੋਡ ਉੱਤੇ ਸਥਿਤ ਰਾਮਗੜ੍ਹੀਆ ਗੁਰਦੁਆਰੇ ਤੋਂ ਸ਼ੁਰੂਆਤ ਕੀਤੀ। 12 ਕਿਲੋਮੀਟਰ ਮੈਰਾਥਨ ਵਿੱਚ ਹਿੱਸਾ ਲੈਣ ਵਾਲਿਆਂ ਨੇ ਰੈਕਸਡੇਲ ਦੇ ਸਿੱਖ ਸਪਿਰਚੂਅਲ ਸੈਂਟਰ ਤੋਂ ਸਵੇਰੇ 8:35 ਉੱਤੇ ਸ਼ੁਰੂਆਤ ਕੀਤੀ ਤੇ ਫਿਰ ਇਹ ਫਿੰਚ ਐਵਨਿਊ ਉੱਤੇ ਮੈਰਾਥਨ/ਹਾਫ ਮੈਰਾਥਨ ਦੇ ਪਾਰਟੀਸਿਪੈਂਟਸ ਨਾਲ ਜਾ ਰਲੇ।

ਆਖਰੀ ਤੇ ਸੱਭ ਤੋਂ ਵੱਡੇ ਗਰੁੱਪ ਨੂੰ ਚਾਰ ਹਿੱਸਿਆਂ ਵਿੱਚ ਮਾਲਟਨ ਦੇ ਸਿੰਘ ਸਭਾ ਗੁਰਦੁਆਰੇ ਤੋਂ ਸਵੇਰੇ 9:10 ਤੋਂ 9:20 ਦਰਮਿਆਨ ਰਵਾਨਾ ਕੀਤਾ ਗਿਆ। ਪਾਰਟੀਸਿਪੈਂਟਸ ਦੀ ਗਿਣਤੀ ਕਾਰਨ ਹੀ ਕਿਸੇ ਤਰ੍ਹਾਂ ਦੀ ਭੀੜ-ਭਾੜ ਤੇ ਹੋਰ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਇਨ੍ਹਾਂ ਨੂੰ ਚਾਰ ਹਿੱਸਿਆਂ ਵਿੱਚ ਰਵਾਨਾ ਕੀਤਾ ਗਿਆ। ਪਾਰਟੀਸਿਪੈਂਟਸ ਨੂੰ ਸੇਫ ਰੱਖਣ ਲਈ ਇਸ ਕਮਿਊਨਿਟੀ ਈਵੈਂਟ ਵਿੱਚ ਪੀਲ ਪੁਲਿਸ ਨੇ ਵੀ ਪੂਰਾ ਸਹਿਯੋਗ ਦਿੱਤਾ। ਜਗਮੀਤ ਸਿੰਘ ਨੇ ਵ੍ਹੀਲ ਚੇਅਰ ਉੱਤੇ ਇਸ ਦੌੜ ਵਿੱਚ ਹਿੱਸਾ ਲਿਆ।

ਕੁੱਲ ਮਿਲਾ ਕੇ ਇਸ ਈਵੈਂਟ ਵਿੱਚ 700 ਤੋਂ ਵੱਧ ਪਾਰਟੀਸਿਪੈਂਟਜ਼ ਨੇ ਹਿੱਸਾ ਲਿਆ। ਕਈ ਨਿੱਕੇ ਬੱਚੇ ਵੀ ਆਪਣੇ ਮਾਪਿਆਂ ਦੀ ਮਦਦ ਨਾਲ ਇਸ ਮੈਰਾਥਨ ਵਿੱਚ ਹਿੱਸਾ ਲੈਣ ਪਹੁੰਚੇ। ਇਸ ਈਵੈਂਟ ਦੇ ਨਤੀਜੇ ਹੇਠ ਲਿਖੇ ਅਨੁਸਾਰ ਹਨ :

- ਮੈਰਾਥਨ : ਬਹਾਦੁਰ ਸ਼ੌਕਰ ਨੇ 3 ਘੰਟੇ 39 ਮਿੰਟ ਤੇ 57 ਸੈਕਿੰਡ ਵਿੱਚ ਸੱਭ ਤੋਂ ਤੇਜ਼ੀ ਨਾਲ ਇਹ ਮੈਰਾਥਨ ਪੂਰੀ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਮਹਿਲਾਂਵਾਂ ਦੇ ਵਰਗ ਵਿੱਚ ਕੁਸ਼ਵਿਨ ਧਾਲੀਵਾਲ ਤੇ ਤਰਨਜੀਤ ਕੌਰ ਪਹਿਲੇ ਸਥਾਨ ਉੱਤੇ ਰਹੀਆਂ, ਉਨ੍ਹਾਂ ਨੇ 9 ਘੰਟੇ 23 ਮਿੰਟ 6 ਸੈਕਿੰਡ ਵਿੱਚ ਇਹ ਦੌੜ ਮੁਕੰਮਲ ਕੀਤੀ।
- ਹਾਫ ਮੈਰਾਥਨ : ਹਰਜੋਤ ਬੈਂਸ ਨੇ 1 ਘੰਟੇ 50 ਮਿੰਟ 1 ਸੈਕਿੰਡ ਵਿੱਚ ਇਹ ਦੌੜ ਮੁਕੰਮਲ ਕੀਤੀ ਤੇ ਮਹਿਲਾਵਾਂ ਦੇ ਵਰਗ ਵਿੱਚ ਰੁਪਿੰਦਰ ਢਿੱਲੋਂ ਨੇ 2 ਘੰਟੇ 21 ਮਿੰਟ 29 ਸੈਕਿੰਡ ਵਿੱਚ ਇਹ ਦੌੜ ਪੂਰੀ ਕੀਤੀ।
- 12 ਕਿਲੋਮੀਟਰ : ਜਤਿੰਦਰ ਜਸਵਾਲ ਨੇ 50 ਮਿੰਟ 41 ਸੈਕਿੰਡ ਵਿੱਚ ਇਹ ਦੌੜ ਪੂਰੀ ਕੀਤੀ ਤੇ ਮਹਿਲਾਵਾਂ ਦੇ ਵਰਗ ਵਿੱਚ ਕਿਰਨ ਬੱਟੂ ਨੇ 1 ਘੰਟੇ 5 ਮਿੰਟ 4 ਸੈਕਿੰਡ ਵਿੱਚ ਇਹ ਦੌੜ ਪੂਰੀ ਕੀਤੀ।
- 5 ਕਿਲੋਮੀਟਰ : ਜਸਵੀਰ ਸੰਧੜ 20 ਮਿੰਟ 35 ਸੈਕਿੰਡ ਵਿੱਚ ਦੌੜ ਮੁਕੰਮਲ ਕਰਕੇ ਜੇਤੂ ਰਿਹਾ ਮਹਿਲਾਵਾਂ ਦੇ ਵਰਗ ਵਿੱਚ ਅਮੀਤ ਕਲੇਰ ਨੇ 27 ਮਿੰਟ 29 ਸੈਕਿੰਡ ਵਿੱਚ ਦੌੜ ਮੁਕੰਮਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ।
- ਛੇ ਸਾਲ ਤੇ ਘੱਟ ਉਮਰ ਵਰਗ ਦੇ ਬੱਚਿਆਂ ਲਈ ਇੱਕ ਕਿਲੋਮੀਟਰ ਦੀ ਦੌੜ ਵੀ ਸੀ ਪਰ ਇਸ ਨੂੰ ਮੁਕਾਬਲੇਬਾਜ਼ੀ ਵਿੱਚ ਸ਼ਾਮਲ ਨਹੀਂ ਸੀ ਕੀਤਾ ਗਿਆ।

ਸੱਭ ਤੋਂ ਤੇਜ਼ ਦੌੜਾਕ ਪੁਰਸ਼ ਤੇ ਮਹਿਲਾ ਨੂੰ ਅਜਮੇਰ ਕੱਪ ਆਫ ਇਨਸਪੀਰੇਸ਼ਨ ਨਾਲ ਨਵਾਜਿਆ ਗਿਆ, ਜੋ ਉਨ੍ਹਾਂ ਕੋਲ ਇੱਕ ਸਾਲ ਲਈ ਰਹੇਗਾ ਤੇ ਇਸ ਉੱਤੇ ਉਨ੍ਹਾਂ ਦੇ ਨਾਂ ਉੱਕਰੇ ਜਾਣਗੇ। ਮੈਰਾਥਨ ਤੇ ਹਾਫ ਮੈਰਾਥਨ ਦੇ ਜੇਤੂਆਂ ਨੂੰ ਅਕਤੂਬਰ ਵਿੱਚ ਹੋਣ ਵਾਲੀ ਸਕੋਸ਼ੀਆਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ ਲਈ ਫਰੀ ਐਂਟਰੀ ਮਿਲੇਗੀ। ਇਸ ਦੌੜ ਦੇ ਪ੍ਰਬੰਧਕਾਂ ਵਿੱਚ ਟੀਪੀਐਆਰ ਕਲੱਬ ਮੈਂਬਰਜ਼, ਸਕਾਇਲਾਰਕ ਟੀਮ, ਗਗਨ ਟੀਮ, ਓਨਟਾਰੀਓ ਖਾਲਸਾ ਦਰਬਾਰ ਸ਼ੌਕਰ ਟੀਮ, ਮਰਹੂਮ ਸੁਰਜੀਤ ਸਿੰਘ ਮਾਨ ਟੀਮ, ਡੈਡਜ਼ ਕੁਕੀਜ਼ ਟੀਮ ਸ਼ਾਮਲ ਸਨ। ਇਸ ਤੋਂ ਇਲਾਵਾ ਸਟੌਪ ਡਾਇਬਟੀਜ਼, ਐਨ-ਲਾਈਟ ਟੀਮ, ਸੁਰਿੰਦਰ ਸਿੰਘ ਰੈਕਸਡੇਲ ਸੇਵਾਦਾਰਜ਼, ਤਰਕਸ਼ੀਲ ਸੁਸਾਇਟੀ ਤੇ ਸੀ-ਸੈਸਿਲ ਸ਼ਾਮਲ ਸਨ। ਜਿਨ੍ਹਾਂ ਗੁਰਦੁਆਰਾ ਕਮੇਟੀਆਂ ਨੇ ਸਹਿਯੋਗ ਦਿੱਤਾ ਉਨ੍ਹਾਂ ਵਿੱਚ ਗੁਰਸਿੱਖ ਸਭਾ ਕੈਨੇਡਾ, ਰਾਮਗੜ੍ਹੀਆ ਸਿੱਖ ਸੁਸਾਇਟੀ, ਸਿੱਖ ਸਪਿਰਚੂਅਲ ਸੈਂਟਰ ਟੋਰਾਂਟੋ, ਸ੍ਰੀ ਗੁਰੂ ਸਿੰਘ ਸਭਾ ਮਾਲਟਨ ਤੇ ਓਨਟਾਰੀਓ ਖਾਲਸਾ ਦਰਬਾਰ ਸ਼ਾਮਲ ਸਨ।


**TCMPLUS**

10 YEARS' FAMOUS TRADITIONAL CHINESE MEDICINE CLINIC


Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

**Dr. Randhawa Dentistry**



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

